
# ਪੈਗੰਬਰ ਮੁਹੰਮਦ

## ਮਾਰਗਦਰਸ਼ਨ ਨੋਟਬੁਕ

ਮੌਲਾਨਾ ਵਹੀਦੁਦੀਨ ਖ਼ਾਨ



# ਪੈਗੰਬਰ ਮੁਹੰਮਦ
## ਮਾਰਗਦਰਸ਼ਨ ਨੋਟਬੁਕ

ਲੇਖਕ
ਮੌਲਾਨਾ ਵਹੀਦੁਦੀਨ ਖ਼ਾਨ

ਅਨੁਵਾਦਕ
ਡਾ. ਦਵਿੰਦਰ ਸਿੰਘ

Goodword Books

First published 2024
This book is copyright free

Goodword Books
A-21, Sector 4, Noida-201301, Delhi NCR, India
Tel. +91 120 4131448, Mob. +91 8588822672
email: info@goodwordbooks.com
www.goodwordbooks.com

CPS International
Centre for Peace and Spirituality International
1, Nizamuddin West Market, New Delhi-110 013, India
Mob. +91-9999944119
e-mail: info@cpsglobal.org
www.cpsglobal.org

Center for Peace and Spirituality USA
2665 Byberry Road, Bensalem, PA 19020, USA
Cell: 617-960-7156
email: kkaleemuddin@gmail.com

Printed in India

# ਬਚਪਨ ਅਤੇ ਜਵਾਨੀ

ਪੈਗੰਬਰ ਮੁਹੰਮਦ ਸਾਹਿਬ ਦਾ ਜਨਮ 570 ਈਸਵੀ ਵਿੱਚ ਮੱਕੇ ਵਿਖੇ ਕੁਰੈਸ਼ ਦੇ ਕਬੀਲੇ ਵਿੱਚ ਹੋਇਆ ਅਤੇ ਉਹਨਾਂ ਦੀ ਇਸ ਜਹਾਨੋਂ ਰੁਖ਼ਸਤੀ 632 ਈਸਵੀ (63 ਸਾਲ ਦੀ ਉਮਰ) ਵਿੱਚ ਮਦੀਨਾ ਵਿਖੇ ਹੋਈ। ਮੱਕਾ ਉਦੋਂ ਮੁੱਖ ਤੌਰ ’ਤੇ ਕੁਰੈਸ਼ ਦੇ ਕਬੀਲੇ ਦੁਆਰਾ ਆਬਾਦ ਸੀ। ਉਨ੍ਹਾਂ ਸਮਿਆਂ ਵਿੱਚ ਮੱਕਾ ਇੱਕ ਮਹੱਵਪੂਰਨ ਵਪਾਰਕ ਅਤੇ ਧਾਰਮਿਕ ਕੇਂਦਰ ਸੀ ਜਿਸ ਸਦਕਾ ਇਸ ਵਿਚ ਵੱਸਦੇ ਕੁਰੈਸ਼ ਦੇ ਕਬੀਲੇ ਨੂੰ ਸਮੁੱਚੇ ਅਰਬ ਅਤੇ ਗੁਆਂਢੀ ਦੇਸ਼ਾਂ ਵਿੱਚ ਬਹੁਤ ਮਾਣ ਪ੍ਰਾਪਤ ਸੀ।

ਮੁਹੰਮਦ ਸਾਹਿਬ ਅਜੇ ਗਰਭ ਵਿੱਚ ਹੀ ਸਨ ਕਿ ਉਹਨਾਂ ਦੇ ਪਿਤਾ ਅਬਦੁੱਲਾ ਜੀ ਜਹਾਨੋਂ ਰੁਖ਼ਸਤ ਹੋ ਗਏ। ਮੁਹੰਮਦ ਸਾਹਿਬ ਦੇ ਜਨਮ ਤੋਂ ਤੁਰੰਤ ਬਾਅਦ ਉਹਨਾਂ ਦੀ ਮਾਂ ਅਮੀਨਾਹ ਨੇ ਉਹਨਾਂ ਨੂੰ ਦਾਦਾ ਅਬਦੁਲ ਮੁਤਾਲਿਬ ਕੋਲ ਭੇਜ ਦਿੱਤਾ। ਦਾਦੇ ਦਾ ਪੋਤੇ ਨਾਲ ਬਹੁਤ ਡੂੰਘਾ ਪਿਆਰ ਸੀ ਕਿਉਂਕਿ ਉਹਨਾਂ ਨੂੰ ਪੋਤੇ ’ਚੋਂ ਆਪਣੇ ਪੁੱਤਰ ਅਬਦੁੱਲਾ ਦੀ ਛਵੀ ਨਜ਼ਰ ਆਉਂਦੀ ਸੀ। ਇਥੋਂ ਤਕ ਕਿ ਪੋਤੇ ਨੂੰ “ਮੁਹੰਮਦ” (ਜਿਸਦਾ ਅਰਥ ਹੈ “ਪ੍ਰਸ਼ੰਸਾਯੋਗ”) ਨਾਮ ਦੇਣ ਵਾਲੇ ਵੀ ਦਾਦਾ ਜੀ ਹੀ ਸਨ। ਮੱਕੇ ਦੇ ਕੁਲੀਨ ਵਰਗ ਦੀ ਪਰੰਪਰਾ ਮੁਤਾਬਿਕ ਮੁਹੰਮਦ ਸਾਹਿਬ ਨੂੰ ਪਾਲਣ-ਪੋਸ਼ਨ ਲਈ ਬਾਨੂ ਸਾਦ ਕਬੀਲੇ ਨਾਲ ਸਬੰਧਤ ਇਕ ਔਰਤ (ਜੋ ਦੂਜਿਆਂ ਦੇ ਬੱਚਿਆਂ ਨੂੰ ਦੁੱਧ ਪਿਲਾਉਂਦੀ ਹੈ) ਹਲੀਮਾਹ ਅਲ-ਸਾਦੀਆ ਦੇ ਹਵਾਲੇ ਕਰ ਦਿੱਤਾ ਗਿਆ। ਇਹ ਰੀਤ ਅੱਜ ਵੀ ਉਥੇ ਦੇ ਕੁਲੀਨਾਂ ਵਿੱਚ ਪ੍ਰਚਲਿਤ ਹੈ।

ਮੁਹੰਮਦ ਸਾਹਿਬ ਪੰਜ ਸਾਲ ਦੀ ਉਮਰ ਤੱਕ ਹਲੀਮਾਹ ਦੇ

ਪਾਲਣ-ਪੋਸ਼ਣ ਅਧੀਨ ਰਹੇ ਅਤੇ ਉਥੇ ਰਹਿੰਦਿਆਂ ਹੋਇਆਂ ਉਹਨਾਂ ਨੇ ਅਰਬੀ ਭਾਸ਼ਾ ਨੂੰ ਬਿਲਕੁਲ ਸ਼ੁੱਧ ਰੂਪ ਵਿੱਚ ਸਿੱਖਿਆ। ਇਸ ਉਪਰੰਤ ਮੁਹੰਮਦ ਸਾਹਿਬ ਆਪਣੀ ਮਾਂ ਅਮੀਨਾਹ ਕੋਲ ਵਾਪਸ ਪਰਤ ਆਏ। ਇਥੋਂ ਮਾਂ ਉਹਨਾਂ ਨੂੰ ਆਪਣੇ ਨਾਲ ਚਾਚੇ ਬਾਨੂ ਅਲ ਨਜਰ ਨੂੰ ਮਿਲਣ ਲਈ ਯਥਰੀਬ (ਹੁਣ ਮਦੀਨਾ ਵਜੋਂ ਜਾਣਿਆ ਜਾਂਦਾ ਹੈ) ਲੈ ਗਈ। ਯਥਰੀਬ ਵਿਖੇ ਇੱਕ ਮਹੀਨਾ ਠਹਿਰਨ ਉਪਰੰਤ ਅਮੀਨਾਹ ਮੁੜ ਮੱਕੇ ਲਈ ਰਵਾਨਾ ਹੋਈ ਪਰ ਅਫ਼ਸੋਸ ਤਬੀਅਤ ਨਾਸਾਜ਼ ਹੋਣ ਕਰਕੇ ਉਹਨਾਂ ਨੇ ਰਸਤੇ ’ਚ ਹੀ ਦਮ ਤੋੜ ਦਿੱਤਾ।

ਅਨਾਥ ਹੋਏ ਮੁਹੰਮਦ ਸਾਹਿਬ ਦੀ ਦੇਖਭਾਲ ਕੁਰੈਸ਼ ਦੇ ਮੁਖੀ ਦਾਦਾ ਅਬਦੁਲ ਮੁਤਾਲਿਬ ਨੇ ਬਹੁਤ ਜ਼ਿੰਮੇਵਾਰੀ ਸਹਿਤ ਕੀਤੀ ਅਤੇ ਮਾਤਾ-ਪਿਤਾ ਦੀ ਕਮੀ ਕਦੇ ਮਹਿਸੂਸ ਨਹੀਂ ਹੋਣ ਦਿੱਤੀ। ਕੁਰੈਸ਼ ਕਬੀਲੇ ਦੇ ਮੁਖੀ ਹੋਣ ਸਦਕਾ ਉਹ ਕਾਬਾਹ ਵਿੱਚ ਇੱਕ ਉੱਚੀ ਗੱਦੀ ’ਤੇ ਬੈਠਦੇ ਸਨ, ਜਿਸ ’ਤੇ ਕਿਸੇ ਹੋਰ ਆਮ ਇਨਸਾਨ ਨੂੰ ਬੈਠਣ ਦੀ ਇਜਾਜ਼ਤ ਨਹੀਂ ਸੀ, ਪਰ ਦਾਦੇ ਦਾ ਪੋਤੇ ਮੁਹੰਮਦ ਨਾਲ ਇੰਨਾ ਡੂੰਘਾ ਸਨੇਹ ਸੀ ਕਿ ਉਹ ਆਪ ਮੁਹੰਮਦ ਨੂੰ ਉਸ ਗੱਦੀ ’ਤੇ ਬੈਠਣ ਦੀ ਤਜਵੀਜ਼ ਕਰਿਆ ਕਰਦੇ ਸਨ। ਮੁਹੰਮਦ ਸਾਹਿਬ ਸਿਰਫ਼ ਅੱਠ ਵਰ੍ਹਿਆ ਦੇ ਸਨ ਜਦੋਂ ਦਾਦਾ ਅਬਦੁਲ ਮੁਤਾਲਿਬ ਫੌਤ ਹੋ ਗਏ ਜਿਸ ਕਰਕੇ ਉਹਨਾਂ ਨੂੰ ਬਹੁਤਾ ਲੰਮਾ ਸਮਾਂ ਦਾਦੇ ਦਾ ਪਿਆਰ ਨਸੀਬ ਨਾ ਹੋ ਸਕਿਆ।

ਹੁਣ ਮੁਹੰਮਦ ਸਾਹਿਬ ਦੀ ਦੇਖਭਾਲ ਦੀ ਜ਼ਿੰਮੇਵਾਰੀ ਉਹਨਾਂ ਦੇ ਚਾਚਾ ਅਬੂ ਤਾਲਿਬ ਜੋ ਇੱਕ ਵਪਾਰੀ ਸੀ; ਨੂੰ ਸੌਂਪ ਦਿੱਤੀ ਗਈ। ਇਕ ਵਾਰ ਜਦੋਂ ਅਬੂ ਤਾਲਿਬ ਵਪਾਰਕ ਯਾਤਰਾ ’ਤੇ ਸੀਰੀਆ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਮੁਹੰਮਦ ਸਾਹਿਬ ਨੇ ਵੀ ਨਾਲ ਜਾਣ ਦੀ ਦਿਲੀ ਇੱਛਾ ਪ੍ਰਗਟਾਈ। ਬੇਸ਼ਕ ਉਹ ਇੰਨੀ ਔਖੀ ਯਾਤਰਾ ਕਰਨ ਲਈ ਅਜੇ ਥੋੜ੍ਹਾ ਛੋਟਾ ਸੀ, ਪਰ ਚਾਚਾ ਅਬੂ ਤਾਲਿਬ ਦੇ ਹਿਰਦੇ ਵਿਚ

ਉਸ ਲਈ ਇੰਨਾ ਸਨੇਹ ਭਰਿਆ ਹੋਇਆ ਸੀ ਕਿ ਉਹ ਚਾਹ ਕੇ ਵੀ ਇਨਕਾਰ ਨਾ ਕਰ ਸਕਿਆ ਤੇ ਮੁਹੰਮਦ ਨੂੰ ਯਾਤਰਾ 'ਤੇ ਨਾਲ ਲੈ ਕੇ ਜਾਣ ਲਈ ਤਿਆਰ ਹੋ ਗਿਆ।

ਜਦੋਂ ਉਹ ਸੀਰੀਆ ਪਹੁੰਚੇ ਤਾਂ ਉਨ੍ਹਾਂ ਦਾ ਵਪਾਰਕ ਕਾਫ਼ਲਾ ਵਿਸ਼ਰਾਮ ਲਈ ਬੁਸਰਾ ਸ਼ਹਿਰ ਵਿਖੇ ਰੁੱਕ ਗਿਆ। ਉੱਥੇ ਉਹ ਬਹਿਰਾਹ ਨਾਮ ਦੇ ਇੱਕ ਈਸਾਈ ਭਿਕਸ਼ੂ ਨੂੰ ਮਿਲੇ ਜੋ ਕਈ ਸਾਲਾਂ ਤੋਂ ਉੱਥੇ ਇੱਕ ਮੱਠ ਵਿੱਚ ਰਹਿ ਰਿਹਾ ਸੀ। ਉਸਨੇ ਪ੍ਰਾਚੀਨ ਗ੍ਰੰਥਾਂ ਵਿੱਚ ਇੱਕ ਅਰਬ ਪੈਗੰਬਰ ਦੇ ਆਗਮਨ ਬਾਰੇ ਪੜ੍ਹਿਆ ਹੋਇਆ ਸੀ ਤੇ ਮੁਹੰਮਦ ਸਾਹਿਬ ਨੂੰ ਇਕ ਨਜ਼ਰ ਦੇਖਦਿਆਂ ਹੀ ਉਹ ਤੁਰੰਤ ਪਛਾਣ ਗਿਆ ਕਿ ਅੱਲ੍ਹਾ ਦਾ ਘੱਲਿਆ ਨਬੀ, ਪੈਗੰਬਰ ਇਹ ਮੁਹੰਮਦ ਹੀ ਹੈ।

ਭਿਕਸ਼ੂ ਨੇ ਸਾਰੇ ਕਾਫ਼ਲੇ ਨੂੰ ਆਪਣੇ ਮੱਠ ਵਿੱਚ ਆਮੰਤਰਿਤ ਕੀਤਾ ਅਤੇ ਅਬੂ ਤਾਲਿਬ ਨੂੰ ਪੁੱਛਿਆ, "ਇਸ ਬੱਚੇ ਨਾਲ ਤੁਹਾਡਾ ਕੀ ਸਬੰਧ ਹੈ?" ਉਸਨੇ ਉੱਤਰ ਦਿੱਤਾ, "ਇਹ ਮੇਰਾ ਪੁੱਤਰ ਹੈ।" ਬਹਿਰਾਹ ਨੇ ਕਿਹਾ, "ਇਹ ਮੁਮਕਿਨ ਨਹੀਂ। ਇਹਦਾ ਪਿਤਾ ਜ਼ਿੰਦਾ ਨਹੀਂ ਹੋ ਸਕਦਾ।" ਇਹ ਸੁਣ ਅਬੂ ਤਾਲਿਬ ਨੇ ਉਸਨੂੰ ਸਾਰੀ ਗੱਲ ਖੋਲ੍ਹ ਕੇ ਦੱਸੀ ਕਿ ਉਹਦੇ ਪਿਤਾ ਦੀ ਬਹੁਤ ਪਹਿਲੋਂ ਹੀ ਮੌਤ ਹੋ ਚੁੱਕੀ ਹੈ। ਭਿਕਸ਼ੂ ਬਹਿਰਾਹ ਨੇ ਅਬੂ ਤਾਲਿਬ ਨੂੰ ਆਪਣੇ ਭਤੀਜੇ ਸਮੇਤ ਤੁਰੰਤ ਵਾਪਸ ਆਪਣੇ ਦੇਸ ਪਰਤਣ ਅਤੇ ਦੁਸ਼ਮਣਾਂ ਤੋਂ ਮੁਹੰਮਦ ਸਾਹਿਬ ਦੀ ਰੱਖਿਆ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ "ਅੱਲ੍ਹਾ ਦੀ ਕਸਮ, ਜੇਕਰ ਮੁਹੰਮਦ ਨੂੰ ਪਛਾਣ ਲਿਆ ਗਿਆ, ਤਾਂ ਉਸਦੀ ਜਾਨ ਨੂੰ ਖਤਰਾ ਹੋ ਸਕਦਾ ਹੈ।"

ਮੁਹੰਮਦ ਸਾਹਿਬ ਬਾਲਗ ਹੁੰਦਿਆਂ-ਹੁੰਦਿਆਂ ਮੱਕੇ ਵਿੱਚ ਆਪਣੀ ਨੈਤਿਕਤਾ, ਕੋਮਲ ਸੁਭਾਅ ਅਤੇ ਇਮਾਨਦਾਰੀ ਲਈ ਜਾਣੇ ਜਾਣ ਲੱਗੇ ਸਨ। ਇਸਦੀ ਪ੍ਰਤੱਖ ਉਦਾਹਰਣ ਇਹ ਹੈ ਕਿ ਉਹਨਾਂ ਦੇ ਹਮਵਤਨਾਂ ਦੁਆਰਾ ਉਹਨਾਂ ਨੂੰ ਅਲ-ਆਮੀਨ (ਭਰੋਸੇਯੋਗ) ਅਤੇ ਅਸ-ਸਾਦਿਕ

(ਸੱਚਾ) ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ। ਜਦੋਂ ਮੁਹੰਮਦ ਸਾਹਿਬ 25 ਸਾਲਾਂ ਦੇ ਸਨ ਤਾਂ ਇੱਕ 40 ਸਾਲਾ ਵਿਧਵਾ ਅਮੀਰ ਔਰਤ ਖਦੀਜਾਹ ਨੇ ਉਹਨਾਂ ਨੂੰ ਆਪਣੇ ਕਾਰੋਬਾਰ ਦੇ ਪ੍ਰਬੰਧਨ ਲਈ ਨੌਕਰੀ ’ਤੇ ਰੱਖ ਲਿਆ। ਖਦੀਜਾਹ ਇਕ ਭਲੀ ਔਰਤ ਸੀ ਜੋ ਚੰਗਾ ਕੰਮ ਕਰਨ ਵਾਲੇ ਮਰਦ ਨੂੰ ਕਮਾਏ ਮੁਨਾਫ਼ੇ ਵਿਚੋਂ ਬਣਦਾ ਹੱਕ ਜ਼ਰੂਰ ਦਿੰਦੀ ਸੀ। ਪਰ ਮੁਹੰਮਦ ਸਾਹਿਬ ਦੀ ਮਿਹਨਤ, ਇਮਾਨਦਾਰੀ ਤੇ ਗੁਣਾਂ ਤੋਂ ਖਦੀਜਾਹ ਇਸ ਕਦਰ ਪ੍ਰਭਾਵਿਤ ਹੋਈ ਕਿ ਉਸਨੇ ਮੁਨਾਫ਼ਾ ਤਾਂ ਕਿ ਸਿੱਧਾ ਵਿਆਹ ਦਾ ਪ੍ਰਸਤਾਵ ਹੀ ਰੱਖ ਦਿੱਤਾ। ਆਪਣੇ ਚਾਚੇ ਅਬੂ ਤਾਲਿਬ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਮੁਹੰਮਦ ਸਾਹਿਬ ਨੇ ਵਿਆਹ ਦਾ ਪ੍ਰਸਤਾਵ ਸਵੀਕਾਰ ਕਰ ਲਿਆ।

# ਇਲਹਾਮ ਦਾ ਆਰੰਭ

ਸਮਾਂ ਬੀਤਣ ਦੇ ਨਾਲ ਮੁਹੰਮਦ ਸਾਹਿਬ ਦੀ ਵਪਾਰ ਵਿੱਚ ਦਿਲਚਸਪੀ ਘੱਟਦੀ ਚਲੀ ਗਈ ਅਤੇ ਆਪਣਾ ਵੱਧ ਤੋਂ ਵੱਧ ਸਮਾਂ ਵਿਚਾਰ ਤੇ ਧਿਆਨ ਦੁਆਰਾ ਸੱਚ ਦੀ ਖੋਜ ਲਈ ਸਮਰਪਿਤ ਕੀਤਾ। ਉਹ ਅਕਸਰ ਮੱਕੇ ਤੋਂ ਤਿੰਨ ਮੀਲ ਦੂਰ ਸਥਿਤ ਹੀਰਾ ਪਰਬਤ ’ਤੇ ਜਾਂਦੇ ਅਤੇ ਉਥੇ ਬਣੀ ਇਕ ਗੁਫਾ ਵਿੱਚ ਘੰਟਿਆਂ ਬੱਧੀ ਸੋਚਾਂ ਵਿੱਚ ਲੀਨ ਰਹਿੰਦੇ। ਉਹ ਜੀਵਨ ਦੇ ਰਹੱਸਾਂ ਦੇ ਜਵਾਬ ਤਲਾਸ਼ਣ ਦੀ ਕੋਸ਼ਿਸ਼ ਕਰਦੇ। ਜਿਵੇਂ ਜੀਵਨ ਵਿੱਚ ਮਨੁੱਖ ਦੀ ਅਸਲ ਭੂਮਿਕਾ ਕੀ ਹੈ? ਪ੍ਰਭੂ ਆਪਣੇ ਸੇਵਕਾਂ ਵਜੋਂ ਸਾਡੇ ਤੋਂ ਕੀ ਲੋਚਦਾ ਹੈ? ਮਨੁੱਖ ਕਿੱਥੋਂ ਆਇਆ ਹੈ ਅਤੇ ਮੌਤ ਉਪਰੰਤ ਕਿੱਥੇ ਜਾਵੇਗਾ? ਮੁਹੰਮਦ ਸਾਹਿਬ ਦੇ ਜੀਵਨ ਦੇ ਇਸ ਪੜਾਅ ਦਾ ਜ਼ਿਕਰ ਕੁਰਾਨ ਵਿੱਚ ਇਸ ਆਇਤ ਵਿੱਚ ਕੀਤਾ ਗਿਆ ਹੈ।

"ਕੀ ਉਸਨੇ ਤੁਹਾਨੂੰ ਭਟਕਦੇ ਹੋਏ ਨੂੰ ਰਾਹੇ ਨਹੀਂ ਪਾਇਆ?" (ਅਲ-ਦੁਹਾ, 93:7)।

40 ਸਾਲ ਦੀ ਉਮਰ ਵਿੱਚ ਪ੍ਰਭੂ ਦਾ ਦੂਤ ਪ੍ਰਮਾਤਮਾ ਵੱਲੋਂ ਪਹਿਲਾ ਸੰਦੇਸ਼ ਲੈ ਕੇ ਉਸ ਦੇ ਸਾਹਮਣੇ ਪ੍ਰਗਟ ਹੋਇਆ। ਦੂਤ ਨੇ ਉਸਨੂੰ ਕਿਹਾ, "ਪੜ੍ਹੋ।"

ਪੈਗੰਬਰ ਨੇ ਜਵਾਬ ਦਿੱਤਾ, "ਮੈਂ ਨਹੀਂ ਜਾਣਦਾ ਕਿ ਕਿਵੇਂ ਪੜ੍ਹਨਾ ਹੈ।"

ਇੰਨਾਂ ਕਹਿਣ ਉਪਰੰਤ ਮੁਹੰਮਦ ਸਾਹਿਬ ਨੇ ਮਹਿਸੂਸ ਕੀਤਾ ਕਿ ਉਹਨਾਂ ਦਾ ਸਰੀਰ ਸਖ਼ਤ ਢੰਗ ਨਾਲ ਜਕੜਿਆ ਜਾ ਰਿਹਾ ਹੈ। ਫਿਰ ਦੂਤ ਨੇ ਜਕੜ ਹਲਕੀ ਕਰਦਿਆਂ ਦੁਬਾਰਾ "ਸੰਦੇਸ਼ ਪੜ੍ਹਨ" ਦਾ ਹੁਕਮ ਦਿੱਤਾ। ਪਰ ਮੁਹੰਮਦ ਸਾਹਿਬ ਨੇ ਆਪਣਾ ਪੁਰਾਣਾ ਜਵਾਬ ਮੁੜ ਦੁਹਰਾਇਆ ਕਿ "ਮੈਂ ਪੜ੍ਹਨਾ ਨਹੀਂ ਜਾਣਦਾ।" ਇਹ ਸੁਣ ਦੂਤ ਨੇ ਉਹਨਾਂ ਨੂੰ ਦੁਬਾਰਾ ਜਕੜ ਲਿਆ। ਤੀਜੀ ਵਾਰ ਫਿਰ ਦੂਤ ਨੇ ਜਕੜ ਹਲਕੀ ਕਰਦਿਆਂ ਕਿਹਾ "ਪੜ੍ਹੋ!"

ਫਿਰ ਦੂਤ ਜਿਬ੍ਰਿਲ ਨੇ ਅਧਿਆਇ ਅਲ-ਅਲਕ ਬਾਰੇ ਖੁਲਾਸਾ ਕਰਦਿਆਂ ਕਿਹਾ:

> "ਪੜ੍ਹੋ! ਆਪਣੇ ਸੁਆਮੀ ਦੇ ਨਾਮ 'ਤੇ, ਜਿਸ ਨੇ ਖ਼ੂਨ ਦੇ ਕਤਰੇ ਤੋਂ ਮਨੁੱਖ ਦੀ ਰਚਨਾ ਕੀਤੀ; ਪੜ੍ਹੋ! ਤੁਹਾਡਾ ਸੁਆਮੀ ਸਭ ਤੋਂ ਮਿਹਰਬਾਨ ਹੈ ਜਿਸ ਨੇ ਕਲਮ ਦੇ ਜ਼ਰੀਏ ਮਨੁੱਖ ਨੂੰ ਉਹ ਗਿਆਨ ਦਿੱਤਾ ਜਿਸ ਤੋਂ ਮਨੁੱਖ ਬਿਲਕੁਲ ਅਨਜਾਣ ਸੀ।" (ਅਲ-ਅਲਕ, 96:1-5)

ਮੁਹੰਮਦ ਸਾਹਿਬ ਨਾਲ ਗੁਫਾ ਵਿੱਚ ਜੋ ਕੁਝ ਵਾਪਰਿਆ ਉਹ ਸਭ ਦੇਖ-ਸੁਣ ਕੇ ਉਹ ਭੈਅ ਨਾਲ ਕੰਬ ਗਏ। ਜਿਬ੍ਰਿਲ ਦੁਆਰਾ ਕੀਤਾ ਇਹ ਖੁਲਾਸਾ ਉਹਨਾਂ ਲਈ ਬਿਲਕੁਲ ਨਵਾਂ ਅਨੁਭਵ ਸੀ।

ਜਿਬ੍ਰਿਲ ਦੇ ਅਲੋਪ ਹੋਣ ਤੋਂ ਤੁਰੰਤ ਬਾਅਦ, ਮੁਹੰਮਦ ਘਰ ਨੂੰ ਰਵਾਨਾ ਹੋ ਗਏ। ਘਰ ਪਹੁੰਚਦੇ ਹੀ ਪੈਗੰਬਰ ਨੇ ਖਦੀਜਾਹ ਨੂੰ ਕੰਬਲ ਵਿੱਚ ਲਪੇਟਣ ਲਈ ਕਿਹਾ। ਉਹ ਤੇਜ਼ ਬੁਖਾਰ ਨਾਲ ਕੰਬ ਰਹੇ ਸੀ। ਕੁਝ ਚਿਰ ਉਪਰੰਤ ਜਦੋਂ ਮੁਹੰਮਦ ਸ਼ਾਂਤ ਅਵਸਥਾ ਵਿਚ ਆਏ ਤਾਂ ਉਹਨਾਂ ਨੇ ਸਾਰੀ ਘਟਨਾ ਖਸੀਜਾਹ ਨੂੰ ਬਿਆਨ ਕੀਤੀ। ਖਦੀਜਾਹ ਬਹੁਤ ਦਿਆਲੂ ਅਤੇ ਸਮਝਦਾਰ ਔਰਤ ਸੀ, ਉਸਨੇ ਮੁਹੰਮਦ ਨੂੰ ਸ਼ਾਂਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਜਦੋਂ ਮੁਹੰਮਦ ਸਾਹਿਬ ਮੁੜ ਸੁਰਤ ’ਚ ਆਏ ਤਾਂ ਖਦੀਜਾਹ ਨੇ ਸੁਝਾਅ ਦਿੱਤਾ ਕਿ ਉਨ੍ਹਾਂ ਨੂੰ ਆਪਣੇ ਚਚੇਰੇ ਭਰਾ ਵਾਰਕਾ ਇਬਨ ਨਫਲ (ਜੋ ਕਿ ਇੱਕ ਈਸਾਈ ਸਾਧੂ ਸੀ) ਨਾਲ ਸਲਾਹ ਕਰਨੀ ਚਾਹੀਦੀ ਹੈ।

ਵਾਰਕਾ ਨੇ ਮੁਹੰਮਦ ਸਾਹਿਬ ਤੋਂ ਸਾਰਾ ਬਿਰਤਾਂਤ ਸੁਣਿਆ ਅਤੇ ਕਿਹਾ:

> “ਮੈਨੂੰ ਯਕੀਨ ਹੈ ਕਿ ਉਹ ਦੂਤ ਜੋ ਮੂਸਾ ’ਤੇ ਉਤਰਿਆ ਸੀ ਉਹੀ ਤੁਹਾਡੇ ’ਤੇ ਉਤਰਿਆ ਹੈ। ਤਹਾਨੂੰ ਵੀ ਹੁਣ ਔਂਕੜਾਂ ਦਾ ਸਾਹਮਣਾ ਕਰਕੇ ਔਖੇ ਰਾਹਵਾਂ ਨੂੰ ਪਾਰ ਲੰਘਣਾ ਪਵੇਗਾ। ਮੇਰੀ ਦੁਆ ਹੈ ਕਿ ਮੈਂ ਤੁਹਾਡਾ ਸਾਥ ਦੇਣ ਲਈ ਉਸ ਸਮੇਂ ਤਕ ਜ਼ਿੰਦਾ ਰਹਿ ਸਕਾਂ ਜਦੋਂ ਤੁਹਾਡੇ ਆਪਣੇ ਲੋਕ ਤੁਹਾਡਾ ਸਾਥ ਛੱਡ ਜਾਣਗੇ।

“ਕੀ ਉਹ ਮੇਰਾ ਸਾਥ ਛੱਡ ਦੇਣਗੇ?” ਪੈਗੰਬਰ ਨੂੰ ਇਸ ਗੱਲ ’ਤੇ ਵਿਸ਼ਵਾਸ ਕਰਨਾ ਔਖਾ ਲੱਗਿਆ। ਵਾਰਕਾ ਨੇ ਜਵਾਬ ਦਿੱਤਾ ਕਿ “ਲੋਕ ਅਕਸਰ ਉਨ੍ਹਾਂ ਦੇ ਖਿਲਾਫ ਹੋ ਜਾਂਦੇ ਹਨ ਜਿਹਨਾਂ ਨੂੰ ਇਲਹਾਮ ਹੁੰਦਾ ਹੈ।”

## ਕੁਰਾਨ—ਪ੍ਰਮਾਤਮਾ ਦੇ ਬਚਨ

ਪੈਗੰਬਰ ਮੁਹੰਮਦ ਨੇ ਆਪਣੇ ਜੀਵਨ ਕਾਲ ਵਿੱਚ ਅਜਿਹੇ ਬਹੁਤ ਸਾਰੇ ਲੋਕਾਂ ਦਾ ਸਾਹਮਣਾ ਕੀਤਾ ਜੋ ਉਹਨਾਂ ਦੀਆਂ ਅਧਿਆਤਮਕ ਵਿਚਾਰਾਂ ’ਤੇ ਵਿਸ਼ਵਾਸ ਨਹੀਂ ਸਨ ਕਰਦੇ। ਇਨ੍ਹਾਂ ਅਵਿਸ਼ਵਾਸੀ ਲੋਕਾਂ ਨੇ ਮੁਹੰਮਦ ਸਾਹਿਬ ਨੂੰ ਇੱਕ ਚਮਤਕਾਰ ਦਿਖਾਉਣ ਦੀ ਚੁਣੌਤੀ ਦਿੱਤੀ ਜਿਵੇਂ ਕਿ ਯਿਸੂ ਨੇ ਇਹ ਸਾਬਤ ਕਰਨ ਲਈ ਚਮਤਕਾਰ ਦਿਖਾਇਆ ਸੀ ਕਿ ਉਹ ਸੱਚਮੁੱਚ ਪ੍ਰਮਾਤਮਾ ਦਾ ਭੇਜਿਆ ਦੂਤ ਹੀ ਹੈ। ਪਰ ਮੁਹੰਮਦ ਸਾਹਿਬ ਨੇ ਚਮਤਕਾਰ ਦਿਖਾਉਣ ਤੋਂ ਸਾਫ਼ ਇਨਕਾਰ ਕਰਦਿਆਂ ਹੋਇਆਂ ਜਵਾਬ ਦਿੱਤਾ ਕਿ ਇੰਝ ਕਰਨਾ ਵਿਅਰਥ ਹੈ ਕਿਉਂਕਿ ਕੁਰਾਨ ਆਪਣੇ ਆਪ ਵਿਚ ਸਰਵਉੱਚ ਚਮਤਕਾਰ ਹੈ। ਜੇ ਕਿਸੇ ਨੂੰ ਇਸ ’ਤੇ ਸ਼ੱਕ ਹੈ, ਤਾਂ ਉਸਨੂੰ ਅਜਿਹੇ ਦਸ ਸੁਰਹ (ਅਧਿਆਇ) ਲਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਜਿਸਦੀ ਤੁਲਨਾ ਕੁਰਾਨ ਨਾਲ ਕੀਤੀ ਜਾ ਸਕੇ।

> “ਜੇ ਤੁਸੀਂ ਸੱਚੇ ਹੋ, ਤਾਂ ਇਸ ਤਰ੍ਹਾਂ ਦੇ ਦਸ ਨਵੀਨ ਅਧਿਆਇ ਤਿਆਰ ਕਰੋ ਅਤੇ ਪ੍ਰਮਾਤਮਾ ਤੋਂ ਇਲਾਵਾ ਕਿਸੇ ਅਜਿਹੇ ਇਨਸਾਨ ਨੂੰ ਬੁਲਾਓ ਜੋ ਤੁਹਾਡੀ ਮਦਦ ਕਰ ਸਕੇ।” (ਹੁਦ, 11:13)।

ਪੂਰਵ-ਇਸਲਾਮਿਕ ਯੁੱਗ ਵਿੱਚ ਅਰਬਾਂ ਨੇ ਕਵਿਤਾ ਵਿੱਚ ਮਹਾਰਥ ਹਾਸਿਲ ਕੀਤੀ ਅਤੇ ਕੁਰਾਨ ਨਾਲ ਤੁਲਨਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਹ ਅਜਿਹਾ ਕਰਨ ਵਿੱਚ ਅਸਮਰੱਥ ਰਹੇ। ਕੁਰਾਨ ਦਾ ਬੇਮਿਸਾਲ ਸਾਹਿਤਕ ਗੁਣ ਇਸ ਗੱਲ ਦਾ ਸਬੂਤ ਹੈ ਕਿ ਇਹ ਕੋਈ ਆਮ ਰਚਨਾ ਨਹੀਂ ਸਗੋਂ ਇਲਹਾਮ ਹੋਏ ਸ਼ਬਦ ਸਨ।

ਉਸਨੇ ਇਹ ਵੀ ਦੱਸਿਆ ਕਿ ਕੁਦਰਤ ਦੀ ਸੁੰਦਰਤਾ, ਜੀਵਨ ਦੇਣ ਵਾਲੇ ਪਾਣੀ, ਫਸਲਾਂ ਦੀ ਪੈਦਾਵਾਰ ਅਤੇ ਵਿਕਾਸ ਦੇ ਚਮਤਕਾਰ

ਵਿੱਚ ਪ੍ਰਮਾਤਮਾ ਦੇ ਪ੍ਰਤੱਖ ਸੰਕੇਤ ਮੌਜੂਦ ਹੈ। ਅਸਲ ਵਿੱਚ ਸਾਰਾ ਬ੍ਰਹਿਮੰਡ ਹੀ ਉਸਦੇ ਸਿਰਜਣਹਾਰ ਅਤੇ ਪਾਲਣਹਾਰ ਹੋਣ ਦੀ ਗਵਾਹੀ ਭਰਦਾ ਹੈ।

ਇੱਥੇ ਦੋ ਮੁੱਖ ਤਰੀਕੇ ਸਨ ਜਿਨ੍ਹਾਂ ਰਾਹੀਂ ਕੁਰਾਨ ਪੈਗੰਬਰ ਮੁਹੰਮਦ ਸਾਹਿਬ ਨੂੰ ਉਤਰਦੀ ਸੀ। ਕਈ ਵਾਰ ਦੂਤ ਜਿਬ੍ਰਿਲ ਕੁਰਾਨ ਦੀਆਂ ਆਇਤਾਂ ਨੂੰ ਇੱਕ ਮਨੁੱਖ ਦੇ ਰੂਪ ਵਿੱਚ ਪ੍ਰਗਟ ਕਰਦਾ ਸੀ। ਜੋ ਕਿ ਬਹੁਤ ਸੁਖਾਲਾ ਤਰੀਕਾ ਸੀ। ਪਰ ਕਈ ਵਾਰ ਆਇਤਾਂ ਉਹਨਾਂ ਦੇ ਦਿਲ ਨੂੰ ਵਿੰਨ੍ਹਣ ਵਾਲੀ ਘੰਟੀ ਵਾਂਗ ਹੁੰਦੀਆਂ ਸਨ ਜੋ ਕਿ ਦਿਲ ਨੂੰ ਪੀੜ੍ਹਾ ਨਾਲ ਭਰ ਦਿੰਦੀਆਂ ਸਨ। ਇਹ ਤਰੀਕਾ ਬਹੁਤ ਔਖਾ ਅਤੇ ਦਰਦਨਾਕ ਸੀ। ਕੁਰਾਨ ਦੀ ਆਮਦ ਹੋਣੀ ਉਦੋਂ ਆਰੰਭ ਹੋਈ ਜਦੋਂ ਪੈਗੰਬਰ 40 ਸਾਲ ਦੇ ਸਨ ਅਤੇ ਆਇਤਾਂ ਦਾ ਇਹ ਸਿਲਸਿਲਾ ਤਾਉਮਰ ਜਾਰੀ ਰਿਹਾ। ਕੁਰਾਨ ਦੀ ਆਮਦ ਅੰਤਮ ਵਾਰ 63 ਸਾਲ ਦੀ ਉਮਰ ਵਿਚ ਉਹਨਾਂ ਦੇ ਜਹਾਨੋਂ ਰੁਖ਼ਸਤ ਹੋਣ ਤੋਂ ਕੁਝ ਸਮਾਂ ਪਹਿਲਾਂ ਹੋਈ।

ਪੈਗੰਬਰ ਮੁਹੰਮਦ ਨੇ ਘੋਸ਼ਣਾ ਕੀਤੀ ਕਿ ਹਰੇਕ ਪੈਗੰਬਰ ਨੂੰ ਚਮਤਕਾਰਾਂ ਸਹਿਤ ਧਰਤੀ ’ਤੇ ਭੇਜਿਆ ਗਿਆ ਸੀ ਅਤੇ ਕੁਰਾਨ ਪੈਗੰਬਰ ਦੇ ਉਹਨਾਂ ਚਮਤਕਾਰਾਂ ਵਿੱਚੋਂ ਇੱਕ ਸੀ।

## ਪਹਿਲੇ ਵਿਸ਼ਵਾਸੀ

ਪੈਗੰਬਰ ਸਾਹਿਬ ਦੀ ਪਤਨੀ ਖਦੀਜਾਹ ਇਸਲਾਮ ਧਾਰਨ ਕਰਨ ਵਾਲੀ ਪਹਿਲੀ ਔਰਤ ਸੀ। ਜਦੋਂ ਮੁਹੰਮਦ ਸਾਹਿਬ ਦੇ ਪੈਗੰਬਰ ਹੋਣ ਦੀ ਖ਼ਬਰ ਗੁਲਾਮੀ ਹੰਢਾ ਕੇ ਆਏ ਜ਼ੈਦ ਬਿਨ ਹਰੀਥਾ (ਉਮਰ 30 ਸਾਲ) ਅਤੇ ਉਸਦੇ ਚਚੇਰੇ ਭਰਾ ਅਲੀ (ਉਮਰ ਲਗਭਗ 11 ਸਾਲ) ਤੱਕ ਪਹੁੰਚੀ ਤਾਂ ਦੋਵਾਂ ਨੇ ਤੁਰੰਤ ਇਸਲਾਮ ਦੇ ਵਿਸ਼ਵਾਸੀ ਹੋਣ ਦਾ ਐਲਾਨ ਕੀਤਾ। ਪੈਗੰਬਰ ਦੇ ਬਚਪਨ ਦੇ ਦੋਸਤ ਅਬੂ ਬਕਰ ਨੇ

ਵੀ ਇਸਲਾਮ ਪ੍ਰਤੀ ਆਪਣਾ ਵਿਸ਼ਵਾਸ ਜ਼ਾਹਰ ਕੀਤਾ। ਇਹ ਕੁਝ ਸ਼ਰਧਾਲੂ ਇਸਲਾਮ ਦੇ ਪਹਿਲੇ ਵਿਸ਼ਵਾਸੀ ਸਨ।

ਪਹਿਲੇ ਪੜਾਅ ਵਿੱਚ ਪੈਗੰਬਰ ਨੂੰ ਇਲਾਹੀ ਹੁਕਮ ਹੋਇਆ ਕਿ ਉਹ ਇਸਲਾਮ ਦੇ ਪਾਵਨ ਸੰਦੇਸ਼ ਨੂੰ ਗੁਪਤਮਈ ਜਾਂ ਸ਼ਾਂਤੀਪੂਰਵਕ ਢੰਗ ਨਾਲ ਫੈਲਾਉਣ ਤਾਂ ਜੋ ਕਿਸੇ ਵੀ ਪ੍ਰਕਾਰ ਦਾ ਆਪਸੀ ਵਿਰੋਧ ਪੈਦਾ ਨਾ ਹੋਵੇ। ਇੱਕ ਪ੍ਰਭਾਵਸ਼ਾਲੀ ਵਪਾਰੀ ਹੋਣ ਦੇ ਨਾਤੇ ਅਬੂ ਬਕਰ ਆਪਣੇ ਕੁਝ ਦੋਸਤਾਂ, ਧਨਾਢ ਵਪਾਰੀਆਂ ਨੂੰ ਵੀ ਇਸਲਾਮ ਦੇ ਘੇਰੇ ਵਿੱਚ ਲਿਆਉਣ ਦੇ ਯੋਗ ਸੀ। ਪਰ ਬਹੁਗਿਣਤੀ ਧਰਮ ਪਰਿਵਰਤਨ ਕਮਜ਼ੋਰ ਅਤੇ ਗਰੀਬ ਲੋਕਾਂ ਵਿੱਚ ਹੋਇਆ।

ਦੂਜੇ ਪੜਾਅ ਵਿੱਚ ਪੈਗੰਬਰ ਨੂੰ ਪ੍ਰਮਾਤਮਾ ਤੋਂ ਮਿਲੇ ਸੰਦੇਸ਼ ਨੂੰ ਆਪਣੇ ਅਜ਼ੀਜ਼ਾਂ ਸਮੇਤ ਜਨਤਕ ਤੌਰ ’ਤੇ ਫੈਲਾਉਣ ਦਾ ਹੁਕਮ ਮਿਲਿਆ। ਇਸ ਮੰਤਵ ਲਈ ਮੁਹੰਮਦ ਸਾਹਿਬ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਆਪਣੇ ਘਰ ਦਾਵਤ ’ਤੇ ਬੁਲਾਇਆ। ਸਾਰੇ ਭੋਜਨ ਦਾ ਪ੍ਰਬੰਧ ਅਲੀ ਨੇ ਹੀ ਕੀਤਾ। ਸਭ ਦੇ ਭੋਜਨ ਕਰਨ ਉਪਰੰਤ ਪੈਗੰਬਰ ਨੇ ਉਨ੍ਹਾਂ ਦੇ ਸਾਹਮਣੇ ਆਪਣਾ ਸੰਦੇਸ਼ ਪੜ੍ਹਿਆ ਕਿ “ਰੱਬ ਨੇ ਉਹਨਾਂ ਨੂੰ ਆਪਣੇ ਦੂਤ ਵਜੋਂ ਚੁਣਿਆ ਹੈ ਇਸ ਕਰਕੇ ਸਾਰੇ ਉਹਨਾਂ ਦਾ ਪੂਰਨ ਸਹਿਯੋਗ ਕਰਨ ਤਾਂ ਜੋ ਪੈਗੰਬਰੀ ਦੀ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਉਹ ਇਮਾਨ ਨਾਲ ਪੂਰਾ ਕਰ ਸਕਣ।”

ਬਜ਼ੁਰਗਾਂ ਵਿੱਚੋਂ ਕੋਈ ਵੀ ਪੈਗੰਬਰ ਦੀ ਮਦਦ ਕਰਨ ਲਈ ਤਿਆਰ ਨਹੀਂ ਸੀ। ਸਿਰਫ਼ ਅਲੀ ਜੋ ਕਿ 10-12 ਸਾਲ ਦਾ ਬੱਚਾ ਸੀ; ਖੜ੍ਹਾ ਹੋਇਆ ਅਤੇ ਕਹਿਣ ਲੱਗਾ “ਹੇ ਰੱਬੀ ਦੂਤ! ਮੈਂ ਤੁਹਾਡੇ ਨਾਲ ਹਾਂ ਤੇ ਤੁਹਾਨੂੰ ਪੂਰਨ ਸਹਿਯੋਗ ਦਵਾਂਗਾ।” ਅਲੀ ਦਾ ਜਵਾਬ ਸੁਣ ਕੇ ਪੈਗੰਬਰ “ਓ ਪਿਆਰੇ ਅਲੀ, ਓ ਪਿਆਰੇ ਅਲੀ!” ਕਹਿੰਦਿਆਂ ਮੁਸਕੁਰਾਉਣ ਲੱਗੇ।

## ਇਸਲਾਮ ਲਈ ਪਹਿਲਾ ਜਨਤਕ ਸੱਦਾ

ਅਰਬੀ ਰੀਤੀ ਰਿਵਾਜਾਂ ਅਨੁਸਾਰ, ਲੋਕ ਜਦੋਂ ਕੋਈ ਜ਼ਰੂਰੀ ਖ਼ਬਰ ਸੁਣਾਉਣੀ ਹੁੰਦੀ ਸੀ ਤਾਂ ਪਹਾੜੀ ’ਤੇ ਚੜ੍ਹ ਜਾਂਦੇ ਸਨ। ਇਸ ਲਈ ਪੈਗੰਬਰ ਆਪਣੀ ਸਭ-ਮਹੱਤਵਪੂਰਣ ਖ਼ਬਰਾਂ ਦੇ ਨਾਲ ਕਾਬਾ ਦੇ ਨੇੜੇ ਸਥਿਤ ‘ਸਫਾ’ ਨਾਮਕ ਪਹਾੜੀ ’ਤੇ ਚੜ੍ਹ ਗਏ। ਫਿਰ ਉਹਨਾਂ ਨੇ ਲੋਕਾਂ ਨੂੰ ਅਵਾਜ਼ਾ ਦਿੱਤਾ ਤੇ ਸਾਰੇ ਉਹਨਾਂ ਦੇ ਆਲੇ-ਦੁਆਲੇ ਇਕੱਠੇ ਹੋ ਗਏ। ਉਹਨਾਂ ਨੇ ਲੋਕਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ “ਜੇ ਮੈਂ ਤੁਹਾਨੂੰ ਇਹ ਕਹਾਂ ਕਿ ਇੱਕ ਵਿਸ਼ਾਲ ਫੌਜ ਉਸ ਪਹਾੜ ਦੇ ਪਿੱਛੇ ਛੁਪੀ ਹੋਈ ਹੈ ਅਤੇ ਤੁਹਾਡੇ ’ਤੇ ਹਮਲਾ ਕਰਨ ਲਈ ਤਿਆਰ-ਬਰ-ਤਿਆਰ ਹੈ, ਤਾਂ ਕੀ ਤੁਸੀਂ ਮੇਰੀ ਗੱਲ ’ਤੇ ਵਿਸ਼ਵਾਸ ਕਰੋਗੇ?” ਸਾਰੇ ਲੋਕ ਇਕ ਅਵਾਜ਼ ’ਚ ਬੋਲੇ “ਬੇਸ਼ੱਕ, ਅਸੀਂ ਕਰਾਂਗੇ ਕਿਉਂਕਿ ਸਾਨੂੰ ਤੁਹਾਡੇ ’ਤੇ ਭਰੋਸਾ ਹੈ ਅਤੇ ਅਸੀਂ ਜਾਣਦੇ ਹਾਂ ਕਿ ਤੁਸੀਂ ਹਮੇਸ਼ਾ ਸੱਚ ਬੋਲਦੇ ਹੋ।” ਫਿਰ ਨਬੀ ਨੇ ਕਿਹਾ:

> “ਪਿਆਰੇ ਸ਼ਰਧਾਲੂਓ! ਈਸ਼ਵਰ ਨੇ ਮੈਨੂੰ ਤੁਹਾਨੂੰ ਚੇਤੰਨ ਕਰਨ ਦਾ ਹੁਕਮ ਦਿੱਤਾ ਹੈ ਕਿ ਤੁਸੀਂ ਸਿਰਫ਼ ਇਕੋ ਇਕ ਪਰਮੇਸ਼ਰ ਦੀ ਉਪਾਸਨਾ ਕਰਨੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਹੁੰਦੇ ਹੋ ਤਾਂ ਤੁਸੀਂ ਪਰਮੇਸ਼ਰ ਦੀ ਨਰਾਜ਼ਗੀ ਲਈ ਆਪ ਜ਼ਿੰਮੇਵਾਰ ਹੋਵੋਗੇ ਅਤੇ ਬੇਸ਼ਕ ਤੁਸੀਂ ਮੇਰੇ ਅਜ਼ੀਜ਼ ਹੋ ਪਰ ਮੈਂ ਤੁਹਾਡੀ ਮਦਦ ਕਰਨ ਵਿਚ ਅਸਮਰੱਥ ਹੋਵਾਂਗਾ।”

ਪੈਗੰਬਰ ਦਾ ਚਾਚਾ ਅਬੂ ਲਹਾਬ ਬਹੁਤ ਗੁੱਸੇ ਵਿੱਚ ਆਇਆ ਅਤੇ ਪੈਗੰਬਰ ਨੂੰ ਝਿੜਕਦਿਆਂ ਹੋਇਆ ਕਹਿਣ ਲੱਗਾ “ਲਾਹਨਤ ਹੈ ਇਸ ਦਿਨ ’ਤੇ! ਕੀ ਇਸ ਲਈ ਅੱਜ ਦੇ ਦਿਨ ਤੂੰ ਸਾਨੂੰ ਇਕੱਠੇ ਕੀਤਾ ਸੀ?”

ਕਈਆਂ ਨੇ ਟਿੱਪਣੀ ਕੀਤੀ ਕਿ ਉਹ ਪਾਗਲ ਹੋ ਗਿਆ ਹੈ ਅਤੇ ਫਿਰ ਜਲਦੀ ਹੀ ਉਹ ਸਾਰੇ ਪੈਗੰਬਰ ਦੇ ਸ਼ਬਦਾਂ 'ਤੇ ਵਿਚਾਰ ਕੀਤੇ ਬਿਨਾਂ ਹੀ ਆਪਣੇ-ਆਪਣੇ ਰਾਹ ਪੈ ਗਏ।

# ਵਿਰੋਧ ਅਤੇ ਔਕੜਾਂ

ਕੁਰੈਸ਼ ਕਬੀਲੇ ਵਲੋਂ ਪੈਗੰਬਰ ਨੂੰ ਖਾਰਿਜ ਕਰਨ ਦਾ ਇੱਕ-ਇਕ ਮੁੱਖ ਕਾਰਨ ਸੀ। ਕਾਬਾਹ ਦੇ ਕਾਰਨ ਮੱਕਾ ਤੀਰਥ ਯਾਤਰਾ ਦਾ ਪ੍ਰਮੁੱਖ ਕੇਂਦਰ ਸੀ, ਜਿਸ ਵਿੱਚ ਗੁਆਂਢੀ ਕਬੀਲਿਆਂ ਅਤੇ ਕੌਮਾਂ ਦੀਆਂ 360 ਮੂਰਤੀਆਂ ਸਥਾਪਿਤ ਸਨ। ਇਸਲਾਮ ਦਾ ਇੱਕ ਰੱਬ ਵਿੱਚ ਵਿਸ਼ਵਾਸ ਹੋਣ ਕਰਕੇ ਕੁਰੈਸ਼ ਕਬੀਲੇ ਨੂੰ ਡਰ ਸੀ ਕਿ ਇੱਕ ਵਾਰ ਇੱਕ ਰੱਬ ਦੀ ਧਾਰਨਾ ਪ੍ਰਸਿੱਧ ਹੋ ਗਈ ਤਾਂ ਗੁਆਂਢੀ ਕਬੀਲੇ ਮੂਰਤੀਆਂ ਨੂੰ ਸ਼ਰਧਾਂਜਲੀ ਦੇਣ ਲਈ ਕਾਬਾਹ ਦਾ ਦੌਰਾ ਕਰਨਾ ਬੰਦ ਕਰ ਦੇਣਗੇ ਅਤੇ ਇਸਦੇ ਨਾਲ ਹੀ ਕੁਰੈਸ਼ ਕਬੀਲਾ ਕਾਬਾਹ ਦੇ ਸਰਪ੍ਰਸਤ ਵਜੋਂ ਮਿਲੇ ਸਨਮਾਨ ਤੋਂ ਵਾਂਝਾ ਹੋ ਜਾਵੇਗਾ। ਗੁਆਂਢੀ ਕਬੀਲਿਆਂ ਦੇ ਲੋਕ ਵੱਡੀ ਗਿਣਤੀ ਵਿੱਚ ਮੂਰਤੀਆਂ ਨੂੰ ਚੜ੍ਹਾਵਾ ਚੜ੍ਹਾਉਣ ਲਈ ਸਾਰਾ ਸਾਲ ਮੱਕਾ ਆਉਂਦੇ ਸਨ। ਜਿਸ ਨਾਲ ਮੱਕਾ ਵਿਚ ਖੁਸ਼ਹਾਲੀ ਆਈ ਕਿਉਂਕਿ ਤੀਰਥ ਯਾਤਰਾ ਦੇ ਨਾਲ-ਨਾਲ ਵਪਾਰ ਵੀ ਵਧਿਆ ਸੀ। ਮੱਕਾ ਮਾਰੂਥਲ ਹੋਣ ਕਰਕੇ ਉੱਥੇ ਕੋਈ ਖੇਤੀ ਜਾਂ ਆਰਥਿਕ ਸਾਧਨ ਮੌਜੂਦ ਨਹੀਂ ਸਨ। ਪਰਿਣਾਮਸਰੂਪ ਕਾਬਾ ਉਨ੍ਹਾਂ ਦੀ ਕਮਾਈ ਦਾ ਇੱਕੋ ਇੱਕ ਸਾਧਨ ਸੀ। ਪਰ ਸਾਰੇ ਮੱਕਾਵਾਸੀ ਵਿਰੋਧੀ ਬਿਰਤੀ ਦੇ ਨਹੀਂ ਸਨ। ਮੱਕੇ ਵਿਚ ਵੱਸਦੇ ਕੁਝ ਲੋਕ ਅਜਿਹੇ ਵੀ ਸਨ ਜਿਨ੍ਹਾਂ ਨੇ ਕੁਰਾਨ ਦੇ ਸੰਦੇਸ਼ ਨੂੰ ਗੰਭੀਰਤਾ ਨਾਲ ਵਿਚਾਰਿਆ ਅਤੇ ਇਕ-ਇਕ ਕਰਕੇ ਇਸਲਾਮ ਕਬੂਲ ਕਰ ਲਿਆ। ਉਸ ਸਮੇਂ ਦੌਰਾਨ ਮੱਕਾ ਦੇ

ਨਾਲ-ਨਾਲ ਗੁਆਂਢੀ ਕਬੀਲਿਆਂ ਦੇ ਲਗਭਗ 200 ਲੋਕ ਇਸਲਾਮ ਵਿੱਚ ਦਾਖਲ ਹੋਏ।

ਕੁਰੈਸ਼, ਜਿਨ੍ਹਾਂ ਨੇ ਮੱਕਨ ਰਹਿਨੁਮਾਈ ਦਾ ਆਨੰਦ ਮਾਣਿਆ ਸੀ; ਨੇ ਨਵੇਂ ਧਰਮ ਇਸਲਾਮ ਦੀਆਂ ਸਿੱਖਿਆਵਾਂ ਨੂੰ ਆਪਣੇ ਪੁਰਖਿਆਂ ਦੇ ਧਰਮ ਦਾ ਅਪਮਾਨ ਮੰਨਿਆ। ਇਸਲਾਮ ਉਨ੍ਹਾਂ ਨੂੰ ਆਪਣੀ ਚੌਧਰ ਲਈ ਖ਼ਤਰੇ ਵਜੋਂ ਨਜ਼ਰ ਆਇਆ। ਅਬੂ ਜਾਹਲ ਤੇ ਅਬੂ ਲਾਹਬ ਵਰਗੇ ਆਗੂ ਪੈਗੰਬਰ ਦੇ ਸਭ ਤੋਂ ਵੱਧ ਵਿਰੋਧ ਵਿਚ ਸਨ।

ਵੱਖ-ਵੱਖ ਕਬੀਲਿਆਂ ਦੇ ਮੁਖੀ ਇਸ ਮਾਮਲੇ 'ਤੇ ਵਿਚਾਰ ਕਰਨ ਲਈ ਇਕੱਠੇ ਹੋਏ। ਉਨ੍ਹਾਂ ਸਾਰਿਆਂ ਨੇ ਮਹਿਸੂਸ ਕੀਤਾ ਕਿ ਜੇਕਰ ਅਬੂ ਤਾਲਿਬ ਉਨ੍ਹਾਂ ਦੇ ਰਾਹ ਵਿੱਚ ਨਾ ਆਇਆ ਤਾਂ ਉਨ੍ਹਾਂ ਨੂੰ ਇਸ ਸਮੱਸਿਆ ਦਾ ਹੱਲ ਲੱਭਣ ਵਿੱਚ ਕੋਈ ਮੁਸ਼ਕਲ ਨਹੀਂ ਹੋਵੇਗੀ। ਇਸ ਲਈ ਉਹ ਸਾਰੇ ਅਬੂ ਤਾਲਿਬ ਕੋਲ ਆਏ ਤਾਂ ਕਿ ਉਹ ਮੁਹੰਮਦ ਸਾਹਿਬ ਨੂੰ ਇਲਾਹੀ ਸੰਦੇਸ਼ ਫੈਲਾਉਣ ਤੋਂ ਰੋਕਣ। ਉਨ੍ਹਾਂ ਨੇ ਅਬੂ ਤਾਲਿਬ ਨੂੰ ਚੇਤਾਵਨੀ ਦਿੱਤੀ "ਮੁਹੰਮਦ ਨੂੰ ਕਹੋ ਕਿ ਉਹ ਇਲਾਹੀ ਸੰਦੇਸ਼ ਫੈਲਾਉਣਾ ਬੰਦ ਕਰੇ, ਨਹੀਂ ਤਾਂ ਤੁਸੀਂ ਉਸਨੂੰ ਛੇਕ ਦੇਵੋਗੇ ਤੇ ਜੇਕਰ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਹੁੰਦੇ ਹੋ ਤਾਂ ਤੁਹਾਨੂੰ ਆਪਣੇ ਭਤੀਜੇ ਦੇ ਕਰਮਾਂ ਦਾ ਦੁੱਖ ਭੋਗਣਾ ਪਵੇਗਾ।"

ਬੁੱਢੇ ਅਬੂ ਤਾਲਿਬ ਨੇ ਮਹਿਸੂਸ ਕੀਤਾ ਕਿ ਉਸ ਵਿਚ ਮੁਖੀਆਂ ਦੇ ਗੁੱਸੇ ਦਾ ਮੁੜ ਸਾਹਮਣਾ ਕਰਨ ਦੀ ਸਮਰੱਥਾ ਨਹੀਂ ਹੈ। ਇਸ ਲਈ ਉਸਨੇ ਮੁਹੰਮਦ ਸਾਹਿਬ ਨੂੰ ਕੁਰੈਸ਼ ਦੇ ਸਰਦਾਰਾਂ ਵਲੋਂ ਦਿੱਤੀ ਚੇਤਾਵਨੀ ਬਾਰੇ ਦੱਸਦਿਆਂ ਕਿਹਾ "ਮੇਰੇ ਪਿਆਰੇ ਭਤੀਜੇ, ਆਪਣੀ ਅਤੇ ਆਪਣੇ ਚਾਚੇ ਦੀ ਸੁਰੱਖਿਆ ਵੱਲ ਧਿਆਨ ਦਿਓ ਅਤੇ ਮੇਰੇ 'ਤੇ ਅਜਿਹਾ ਬੋਝ ਨਾ ਪਾਓ ਜੋ ਮੈਂ ਝੱਲ ਨਾ ਸਕਾਂ।"

ਕੁਝ ਦੇਰ ਪੈਗੰਬਰ ਬੇਹਰਕਤ ਖੜ੍ਹੇ ਰਹੇ। ਇੱਕ ਪਾਸੇ ਉਨ੍ਹਾਂ ਦੇ

ਬੁੱਢੇ ਚਾਚੇ ਨੂੰ ਲੋਕਾਂ ਦੇ ਵਿਰੋਧ ਨੇ ਕਮਜ਼ੋਰ ਕਰ ਦਿੱਤਾ ਸੀ ਅਤੇ ਦੂਜੇ ਪਾਸੇ ਆਖਰੀ ਸਾਹ ਤੱਕ ਸੱਚ ਦਾ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਸੀ। ਇਸ ਲਈ ਉਹਨਾਂ ਨੇ ਕਿਸੇ ਵੀ ਕੀਮਤ ’ਤੇ ਆਪਣੀ ਡਿਊਟੀ ਨਿਭਾਉਣ ਦਾ ਫੈਸਲਾ ਕੀਤਾ। ਮੁਹੰਮਦ ਸਾਹਿਬ ਨੇ ਅੱਖਾਂ ਵਿਚ ਹੰਝੂ ਭਰ ਕੇ ਦ੍ਰਿੜ੍ਹ ਪਰ ਸ਼ਾਂਤ ਆਵਾਜ਼ ਵਿੱਚ ਕਿਹਾ:

> “ਪਿਆਰੇ ਚਾਚਾ ਜੀ! ਮੈਂ ਸਰਬਸ਼ਕਤੀਮਾਨ ਪ੍ਰਮਾਤਮਾ ਦੀ ਸਹੁੰ ਖਾਂਦਾ ਹਾਂ ਕਿ ਜੇਕਰ ਪ੍ਰਮਾਤਮਾ ਮੇਰੇ ਇਕ ਹੱਥ ਵਿਚ ਸੂਰਜ ਅਤੇ ਦੂਜੇ ਵਿਚ ਚੰਦ ਵੀ ਰੱਖ ਦੇਵੇ, ਮੈਂ ਤਾਂ ਵੀ ਆਪਣਾ ਮਿਸ਼ਨ ਨਹੀਂ ਤਿਆਗਾਂਗਾ। ਇਹ ਮੇਰੇ ਆਖਰੀ ਸਾਹ ਤਕ ਨਿਰਵਿਘਨ ਜਾਰੀ ਰਹੇਗਾ।”

ਮੁਹੰਮਦ ਦੁਆਰਾ ਕਹੇ ਇਹਨਾਂ ਸ਼ਬਦਾਂ ਦੀ ਸੰਜੀਦਗੀ ਅਤੇ ਤੀਬਰਤਾ ਨੇ ਅਬੂ ਤਾਲਿਬ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਉਹ ਕੁਝ ਦੇਰ ਲਈ ਮੰਤਰਮੁਗਧ ਹੋ ਗਿਆ। ਫਿਰ ਸੁਰਤ ਸੰਭਾਲਦਿਆਂ ਹੋਇਆਂ ਉਹ ਮੁਹੰਮਦ ਵੱਲ ਮੁੜਿਆ ਅਤੇ ਕਹਿਣ ਲੱਗਾ:

> “ਜਾਓ ਭਤੀਜੇ, ਆਪਣਾ ਫਰਜ਼ ਨਿਭਾਓ, ਮੈਂ ਤੁਹਾਡੇ ਨਾਲ ਹਾਂ। ਮੇਰੇ ਲੋਕਾਂ ਨੂੰ ਮੇਰੇ ਵਿਰੁੱਧ ਹੁੰਦੇ ਨੇ ਤਾਂ ਹੋਣ ਦਿਉ। ਜਿੰਨਾ ਚਿਰ ਮੈਂ ਜਿਉਂਦਾ ਹਾਂ, ਤੁਹਾਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ।”

## ਵਿਪੱਖਤਾ ਵਿਚ ਤੀਬਰਤਾ

ਜਦੋਂ ਕੁਰੈਸ਼ਾਂ ਨੇ ਦੇਖਿਆ ਕਿ ਅਬੂ ਤਾਲਿਬ ’ਤੇ ਪਾਇਆ ਦਬਾਅ ਅਸਫਲ ਹੋ ਗਿਆ ਹੈ, ਤਾਂ ਉਨ੍ਹਾਂ ਨੇ ਪੈਗੰਬਰ ਅਤੇ ਉਸਦੇ ਪੈਰੋਕਾਰਾਂ ਲਈ ਔਂਕੜਾ ਪੈਦਾ ਕਰਨ ਦਾ ਫੈਸਲਾ ਕੀਤਾ। ਗੁਲਾਮੀ ਹੰਢਾ ਰਿਹਾ ਸਮਾਜ ਦਾ ਸਭ ਤੋਂ ਕਮਜ਼ੋਰ ਵਰਗ, ਸਭ ਤੋਂ ਵੱਧ ਪੀੜਤ ਸੀ। ਉਨ੍ਹਾਂ

ਦੇ ਮਾਲਕਾਂ ਨੇ ਉਨ੍ਹਾਂ ਨੂੰ ਇੰਨੀ ਬੇਰਹਿਮੀ ਨਾਲ ਕੁੱਟਿਆ ਕਿ ਕਈਆਂ ਤੋਂ ਪੀੜਾ ਜਰੀ ਨਾ ਗਈ ਤੇ ਉਹ ਸਵਾਸ ਤਿਆਗ ਗਏ। ਪਰ ਗੁਲਾਮ ਲੋਕਾਂ ਨੇ ਇਹ ਸਭ ਸਬਰ ਨਾਲ ਝੱਲਿਆ। ਅਬੂ ਬਕਰ ਨੇ ਇਨ੍ਹਾਂ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਵੱਡੀ ਸੰਪਤੀ ਖਰਚ ਕੀਤੀ। ਗੁਲਾਮ ਤਾਂ ਗੁਲਾਮ ਇੱਥੋਂ ਤੱਕ ਕਿ ਅਮੀਰ ਮੁਸਲਮਾਨ ਵੀ ਨਹੀਂ ਬਖਸ਼ੇ ਗਏ। ਉਨ੍ਹਾਂ ਨੂੰ ਵੀ ਔਂਕੜਾ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੇ ਆਪਣੇ ਰਿਸ਼ਤੇਦਾਰ ਉਨ੍ਹਾਂ ਦੇ ਵਿਰੁੱਧ ਹੋ ਗਏ।

ਮੱਕਾ ਵਾਸੀਆਂ ਨੇ ਉਹ ਸਭ ਕੁਝ ਕੀਤਾ ਜੋ ਉਹ ਲੋਕਾਂ ਨੂੰ ਪੈਗੰਬਰ ਤੋਂ ਦੂਰ ਕਰਨ ਲਈ ਕਰ ਸਕਦੇ ਸਨ। ਪਰ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਇਸਲਾਮ ਫਲਦਾ ਤੇ ਫੈਲਦਾ ਰਿਹਾ। ਮੱਕਾ ਦੀਆਂ ਕੁਝ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਜਿਵੇਂ ਹਮਜ਼ਾਹ (ਪੈਗੰਬਰ ਦੇ ਚਾਚਾ), ਉਮਰ ਇਬਨ ਅਲ-ਖਤਾਬ (ਜੋ ਮੱਕਾ ਵਿਚ ਆਪਣੀ ਬਹਾਦਰੀ ਲਈ ਮਸ਼ਹੂਰ ਸਨ) ਅਤੇ ਅਬੂ ਧਰ ਗ਼ਿਫਾਰੀ ਆਦਿ ਨੇ ਇਸਲਾਮ ਕਬੂਲ ਕਰ ਲਿਆ।

ਮੱਕਾ ਦੇ ਸਰਦਾਰ (ਮੁਖੀ) ਪਹਿਲਾਂ ਨਾਲੋਂ ਜ਼ਿਆਦਾ ਗੁੱਸੇ ਵਿਚ ਸਨ। ਉਨ੍ਹਾਂ ਨੇ ਮੁਸਲਮਾਨਾਂ ਲਈ ਜੀਵਨ ਇੰਨਾ ਮੁਸ਼ਕਲ ਕਰ ਦਿੱਤਾ ਕਿ ਉਨ੍ਹਾਂ ਵਿੱਚੋਂ ਬਹੁਤ ਸਾਰੇ ਪੈਗੰਬਰ ਦੀ ਆਗਿਆ ਨਾਲ ਨੇੜਲੇ ਦੇਸ਼ ਐਬੀਸੀਨੀਆ (ਇਥੋਪੀਆ) ਚਲੇ ਗਏ। ਸ਼ੁਰੂ ਵਿਚ ਐਬੀਸੀਨੀਆ ਜਾਣ ਵਾਲਿਆਂ ਦੀ ਗਿਣਤੀ 15 (ਮਰਦ ਅਤੇ ਔਰਤਾਂ) ਸੀ, ਪਰ ਹੌਲੀ-ਹੌਲੀ ਇਹ ਗਿਣਤੀ 83 ਤੱਕ ਪਹੁੰਚ ਗਈ।

ਮੁਸਲਮਾਨਾਂ ਦੀ ਇਸ ਸੁਰੱਖਿਅਤ ਪਨਾਹਗਾਹ ਨੇ ਮੱਕਾ ਵਾਸੀਆਂ ਨੂੰ ਹੋਰ ਵੀ ਨਾਰਾਜ਼ ਕਰ ਦਿੱਤਾ। ਉਨ੍ਹਾਂ ਨੇ ਆਪਣੇ ਦੋ ਬੰਦਿਆਂ ਨੂੰ ਐਬੀਸੀਨੀਆ ਦੇ ਰਾਜੇ ਨੇਗਸ ਕੋਲ ਭੇਜਿਆ। ਇਹਨਾਂ ਆਦਮੀਆਂ ਨੇ ਨੇਗਸ ਨੂੰ ਕੀਮਤੀ ਤੋਹਫ਼ਿਆਂ ਦੀ ਪੇਸ਼ਕਸ਼ ਕਰਦਿਆਂ ਹੋਇਆਂ ਬੇਨਤੀ ਕੀਤੀ ਕਿ ਉਹ ਇਨ੍ਹਾਂ 'ਅਗਿਆਨੀ' ਲੋਕਾਂ ਨੂੰ ਆਪਣੇ ਦੇਸ਼

ਤੋਂ ਬਾਹਰ ਕੱਢ ਦੇਣ ਕਿਉਂਕਿ ਇਨ੍ਹਾਂ ਨੇ ਨਵੇਂ ਧਰਮ ਦੀ ਪਾਲਣਾ ਕਰਨ ਲਈ ਆਪਣੇ ਪੂਰਵਜਾਂ ਦੇ ਧਰਮ ਨੂੰ ਤਿਆਗ ਦਿੱਤਾ ਹੈ। ਨੇਗਸ ਨੇ ਪਨਾਹਗੀਰ ਮੁਸਲਮਾਨਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਲਈ ਕਿਹਾ। ਅਬੂ ਤਾਲਿਬ ਦੇ ਪੁੱਤਰ ਜਾਫਰ ਨੇ ਅੱਗੇ ਆ ਕੇ ਨੇਗਸ ਨੂੰ ਇਸਲਾਮ ਦੀਆਂ ਸਿੱਖਿਆਵਾਂ ਬਾਰੇ ਸੰਖੇਪ ਵਿੱਚ ਸਮਝਾਇਆ ਅਤੇ ਕੁਰਾਨ ਵਿਚਲੇ ਅਧਿਆਇ 'ਮਰੀਅਮ' 'ਚੋਂ ਕੁਝ ਹਿੱਸਾ ਪੜ੍ਹ ਕੇ ਸੁਣਾਇਆ। ਇਸਲਾਮ ਦੀ ਵਿਚਾਰਧਾਰਾ ਸੁਣ ਕੇ ਨੇਗਸ ਬਹੁਤ ਪ੍ਰਭਾਵਿਤ ਹੋਇਆ ਅਤੇ ਕਹਿਣ ਲੱਗਾ: "ਮੇਰੇ ਰਾਜ ਵਿੱਚ ਨਿਡਰ ਵਸੋ; ਮੈਂ ਤੁਹਾਨੂੰ ਮੱਕਾ ਵਾਸੀਆਂ ਦੇ ਹਵਾਲੇ ਨਹੀਂ ਕਰਾਂਗਾ।"

ਫਿਰ ਉਹ ਮੱਕਾ ਵਾਸੀਆਂ ਵੱਲ ਮੁੜਿਆ ਅਤੇ ਕਹਿਣ ਲੱਗਾ: "ਚਲੇ ਜਾਓ, ਮੈਂ ਇਨ੍ਹਾਂ ਰੂਹਾਨੀ ਲੋਕਾਂ ਨੂੰ ਦੇਸ਼ ਤੋਂ ਬਾਹਰ ਨਹੀਂ ਕਰਾਂਗਾ। ਇਹ ਸੱਚੇ ਵਿਚਾਰਾਂ ਦੀ ਪਾਲਣਾ ਕਰ ਰਹੇ ਹਨ।"

## ਸਮਾਜਿਕ ਬਾਈਕਾਟ

ਸਮਾਂ ਬੀਤਣ ਨਾਲ ਮੱਕੇ ਦੇ ਮੁਖੀਆਂ ਵਿੱਚ ਹੋਰ ਵੀ ਕੁੜੱਤਣ ਭਰਦੀ ਗਈ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਪੈਗੰਬਰ ਮੁਹੰਮਦ ਦੇ ਕਬੀਲੇ (ਜਿਸਦਾ ਮੁਖੀ ਅਬੂ ਤਾਲਿਬ ਸੀ) 'ਚੋਂ ਬਾਨੂ ਹਾਸ਼ਿਮ, ਜੋ ਇਸ ਸਾਰੇ ਵਰਤਾਰੇ ਲਈ ਜ਼ਿੰਮੇਵਾਰ ਸੀ, ਜੇਕਰ ਉਹ ਪੈਗੰਬਰ ਮੁਹੰਮਦ ਦਾ ਸਾਥ ਨਾ ਦਿੰਦਾ ਤਾਂ ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਬਿਨਾਂ ਦੇਰੀ ਦੇ ਰੋਕਿਆ ਜਾ ਸਕਦਾ ਸੀ। ਉਨ੍ਹਾਂ ਨੇ ਬਾਨੂ ਹਾਸ਼ਮ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਸਨੇ ਮੁਹੰਮਦ ਨੂੰ ਉਨ੍ਹਾਂ ਦੇ ਸਪੁਰਦ ਨਾ ਕੀਤਾ ਤਾਂ ਉਸ ਨੂੰ ਮਾੜੇ ਨਤੀਜੇ ਭੁਗਤਣੇ ਪੈਣਗੇ।

ਬਾਨੂ ਹਾਸ਼ਮ ਵਲੋਂ ਕੋਈ ਸਾਕਾਰਾਤਮਕ ਪ੍ਰਤੀਕਿਰਿਆ ਨਾ ਮਿਲਣ ਉਪਰੰਤ ਮੱਕਾ ਦੇ ਕਬੀਲਿਆਂ ਨੇ ਆਪਸ ਵਿਚ ਇਕਰਾਰਨਾਮਾ ਕੀਤਾ

ਕਿ ਉਹ ਬਾਨੂ ਹਾਸ਼ਮ ਨਾਲ ਹਰ ਪ੍ਰਕਾਰ ਦਾ ਲੈਣ-ਦੇਣ ਖਤਮ ਕਰਨ ਲਈ ਸਹਿਮਤ ਹਨ। ਸਭ ਨੇ ਇਕਰਾਰਨਾਮੇ 'ਤੇ ਹਸਤਾਖਰ ਕੀਤੇ ਅਤੇ ਪਵਿੱਤਰ ਕਾਬਾਹ ਵਿਚ ਟੰਗ ਦਿੱਤੇ ਗਏ। ਇਹ ਮੁਹੰਮਦ ਸਾਹਿਬ ਦੀ ਪੈਗੰਬਰੀ ਦਾ ਸੱਤਵਾਂ ਸਾਲ ਸੀ।

ਬਾਈਕਾਟ ਦਾ ਇਹ ਦੌਰ ਬਾਨੂ ਹਾਸ਼ਮ ਅਤੇ ਮੁਸਲਮਾਨਾਂ ਲਈ ਬਹੁਤ ਮੁਸ਼ਕਿਲਾਂ ਭਰਿਆ ਸੀ। ਜਦੋਂ ਇਹ ਪਾਬੰਦੀ ਲਾਗੂ ਸੀ ਤਾਂ ਕੁਰੈਸ਼ੀ ਕਬੀਲੇ ਦੇ ਮੁਖੀ ਅਬੂ ਤਾਲਿਬ ਨੂੰ ਇਕ ਤੰਗ ਘਾਟੀ ਵਿਚ ਸ਼ਰਨ ਲੈਣੀ ਪਈ, ਜਿਸ ਨੂੰ ਅੱਜਕਲ 'ਅਬੂ ਤਾਲਿਬ ਪਾਸ (ਉਪਮਾਰਗ)' ਵਜੋਂ ਜਾਣਿਆ ਜਾਂਦਾ ਹੈ। ਤਿੰਨ ਸਾਲਾਂ ਤੱਕ ਪੈਗੰਬਰ ਅਤੇ ਉਸਦੇ ਸਾਰੇ ਰਿਸ਼ਤੇਦਾਰਾਂ ਰਿਹਾਇਸ਼ ਇਹ ਘਾਟੀ ਹੀ ਰਹੀ। ਇਸ ਦੌਰਾਨ ਬਹੁਤ ਸਾਰੇ ਮੁਸਲਮਾਨ ਇਸਲਾਮ ਵਿਚ ਸ਼ਾਮਲ ਹੋ ਗਏ। ਘਾਟੀ ਵਿਚ ਰਹਿੰਦਿਆਂ ਹੋਇਆਂ ਸ਼ਹਿਰ ਤੋਂ ਰਸਦ-ਪਾਣੀ ਲਿਆਉਣ 'ਤੇ ਵੀ ਰੋਕ ਲਾ ਦਿੱਤੀ ਗਈ, ਜਿਸ ਕਰਕੇ ਬਾਨੂ ਹਾਸ਼ਮ ਤੇ ਹੋਰਨਾਂ ਨੂੰ ਰੁੱਖਾਂ ਦੇ ਪੱਤਿਆਂ ਸਹਾਰੇ ਜ਼ਿੰਦਾ ਰਹਿਣਾ ਪਿਆ।

ਅੰਤ ਵਿੱਚ, ਕੁਝ ਦਿਆਲੂ ਮੱਕਾ ਮੁਖੀਆਂ ਨੇ ਬਾਨੂ ਹਾਸ਼ਮ ਉੱਤੇ ਤਰਸ ਖਾ ਕੇ ਇਕਰਾਰਨਾਮਾ ਰੱਦ ਕਰ ਦਿੱਤਾ ਤੇ ਬਾਨੂ ਹਾਸ਼ਮ ਆਪਣੇ ਘਰ ਵਾਪਸ ਪਰਤ ਸਕਿਆ। ਪਰ ਇਸ ਤੋਂ ਤੁਰੰਤ ਬਾਅਦ ਪੈਗੰਬਰ ਦੇ ਚਾਚਾ ਤੇ ਮੁਖੀਆ ਅਬੂ ਤਾਲਿਬ ਦੀ ਮੌਤ ਹੋ ਗਈ। ਤਿੰਨ ਸਾਲਾਂ ਦੀ ਔਂਕੜਾ ਭਰੀ ਜ਼ਿੰਦਗੀ ਬਤੀਤ ਕਰਨ ਕਾਰਨ ਉਸ ਦੀ ਸਿਹਤ ਵਿਗੜ ਗਈ ਸੀ। ਹਾਲਾਂਕਿ ਅਬੂ ਤਾਲਿਬ ਨੇ ਇਸਲਾਮ ਕਬੂਲ ਨਹੀਂ ਸੀ ਕੀਤਾ, ਪਰ ਆਪਣੇ ਕਬੀਲੇ ਦੇ ਮੁਖੀ ਵਜੋਂ ਉਸਨੇ ਆਪਣੇ ਵਿਰੋਧੀਆਂ ਤੋਂ ਪੈਗੰਬਰ ਦੀ ਰੱਖਿਆ ਕੀਤੀ ਸੀ।

ਉਸਦੀ ਮੌਤ ਤੋਂ ਬਾਅਦ ਪੈਗੰਬਰ ਦਾ ਇੱਕ ਹੋਰ ਚਾਚਾ ਅਬੂ ਲਹਾਬ, ਬਾਨੂ ਹਾਸ਼ਮ ਦਾ ਮੁਖੀ ਬਣ ਗਿਆ। ਉਹ ਇਸਲਾਮ ਅਤੇ ਮੁਸਲਮਾਨਾਂ ਦਾ ਸਭ ਤੋਂ ਵੱਡਾ ਦੁਸ਼ਮਣ ਸੀ। ਉਸਨੇ ਕੁਰੈਸ਼ ਨੂੰ

ਸਪੱਸ਼ਟ ਕਰ ਦਿੱਤਾ ਕਿ ਹੁਣ ਅੱਗੇ ਤੋਂ ਪੈਗੰਬਰ ਮੁਹੰਮਦ ਨੂੰ ਸਾਡੇ ਕਬੀਲੇ ਵਲੋਂ ਕੋਈ ਸੁਰਖਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦਿਨਾਂ ਵਿੱਚ ਕਿਸੇ ਵਿਅਕਤੀ ਦਾ ਇਸਦੇ ਕਬੀਲੇ ਦੀ ਸੁਰੱਖਿਆ ਤੋਂ ਬਿਨਾਂ ਬੱਚਣਾ ਅਸੰਭਵ ਸੀ।

ਪੈਗੰਬਰ ਦੀ ਵਫ਼ਾਦਾਰ ਪਤਨੀ ਖਦੀਜਾਹ ਦੀ ਵੀ ਇਕਰਾਰਨਾਮਾ ਰੱਦ ਕਰਨ ਤੋਂ ਤੁਰੰਤ ਬਾਅਦ ਮੌਤ ਹੋ ਗਈ। ਇਹ ਦੋਵੇਂ ਮੌਤਾਂ ਪੈਗੰਬਰੀ ਦੇ 10ਵੇਂ ਸਾਲ ਵਿੱਚ ਹੋਈਆਂ ਸਨ। ਪੈਗੰਬਰ ਮੁਹੰਮਦ ਨੇ ਕਿਹਾ, "ਇਮਰਾਨ ਦੀ ਧੀ ਮਰੀਅਮ ਆਪਣੇ ਸਮੇਂ ਦੀਆਂ ਔਰਤਾਂ ਵਿੱਚੋਂ ਸਭ ਤੋਂ ਉੱਤਮ ਸੀ ਅਤੇ ਖਦੀਜਾਹ ਇਸ ਕੌਮ ਦੀਆਂ ਔਰਤਾਂ ਵਿੱਚੋਂ ਸਭ ਤੋਂ ਉੱਤਮ ਹੈ।"

ਅਬੂ ਤਾਲਿਬ ਅਤੇ ਖਦੀਜਾਹ ਦੀ ਸੰਸਾਰ ਤੋਂ ਰੁਖਸਤੀ ਨੇ ਪੈਗੰਬਰ ਨੂੰ ਉਦਾਸ ਕਰ ਦਿੱਤਾ, ਕਿਉਂਕਿ ਉਹ ਦੋਨੋਂ ਪੈਗੰਬਰ ਲਈ ਪ੍ਰੇਰਨਾ ਦੇ ਵੱਡੇ ਸਰੋਤ ਸਨ। ਇਹਨਾਂ ਮੌਤਾਂ ਉਪਰੰਤ ਹੀ ਵਿਰੋਧੀ ਆਪਣੇ ਆਪ ਨੂੰ ਇੰਨਾ ਦਲੇਰ ਸਮਝਣ ਲੱਗੇ ਕਿ ਉਹਨਾਂ ਨੇ ਪੈਗੰਬਰ ਨੂੰ ਕਮਜ਼ੋਰ ਜਾਣ ਕੇ ਉਸ 'ਤੇ ਦਬਾ ਪਾਉਣਾ ਸ਼ੁਰੂ ਕੀਤਾ। ਇੱਕ ਦਿਨ ਜਦੋਂ ਪੈਗੰਬਰ ਕਾਬਾਹ ਵਿੱਚ ਨਮਾਜ਼ ਪੜ੍ਹ ਰਹੇ ਸਨ ਤਾਂ ਅਬੂ ਜਾਹਲ ਨੇ ਕਪੜੇ ਦੀ ਮਦਦ ਨਾਲ ਉਸਦਾ ਗਲਾ ਘੁੱਟ ਦਿੱਤਾ। ਜੇਕਰ ਅਬੂ ਬਕਰ ਸਮੇਂ ਸਿਰ ਮਦਦ ਲਈ ਨਾ ਪਹੁੰਚਿਆ ਹੁੰਦਾ ਤਾਂ ਕੋਈ ਵੱਡਾ ਭਾਣਾ ਵਰਤ ਜਾਂਦਾ।

## ਤਾਈਫ ਦੀ ਯਾਤਰਾ

ਦਿਨ-ਬ-ਦਿਨ ਹਾਲਾਤ ਵਿਗੜਦੇ ਗਏ। ਇਸ ਲਈ ਪੈਗੰਬਰ ਨੇ ਇਸਲਾਮ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਲਈ ਮੱਕਾ ਤੋਂ 40 ਮੀਲ ਦੂਰ ਇੱਕ ਗੁਆਂਢੀ ਸ਼ਹਿਰ ਤਾਈਫ ਜਾਣ ਦਾ ਫੈਸਲਾ ਕੀਤਾ। ਉਸ ਨੇ ਕਸਬੇ ਦੇ ਮੁਖੀਆਂ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਇਸਲਾਮ ਕਬੂਲ

ਕਰਨ ਦਾ ਸੱਦਾ ਦਿੱਤਾ। ਮੁਖੀਆਂ ਨੇ ਉਸ ਦੇ ਪ੍ਰਸਤਾਵ ਵੱਲ ਧਿਆਨ ਤਾਂ ਕੀ ਦੇਣਾ ਸੀ ਬਲਕਿ ਜਦੋਂ ਪੈਗੰਬਰ ਨਿਰਾਸ਼ ਹੋ ਕੇ ਸ਼ਹਿਰ ਛੱਡ ਰਿਹਾ ਸੀ ਤਾਂ ਇਹਨਾਂ ਮੁਖੀਆਂ ਦੁਆਰਾ ਉਕਸਾਏ ਲੋਕ ਪੈਗੰਬਰ ਦਾ ਪਿੱਛਾ ਕਰਨ ਲੱਗੇ ਅਤੇ ਉਸ ਨਾਲ ਦੁਰਵਿਹਾਰ ਕੀਤਾ। ਇਥੋਂ ਤਕ ਕਿ ਸ਼ਹਿਰ ਤੋਂ ਬਾਹਰ ਜਾਂਦੇ ਸਮੇਂ ਉਸ ’ਤੇ ਬੇਅੰਤ ਪੱਥਰ ਸੁੱਟੇ। ਨਿਰਦਈ ਲੋਕ ਉਸ ਸਮੇਂ ਤਕ ਪੱਥਰ ਮਾਰਦੇ ਰਹੇ ਜਦੋਂ ਤੱਕ ਉਹ ਰਾਤ ਦੇ ਹਨੇਰੇ ਵਿਚ ਗੁਆਚ ਨਹੀਂ ਗਿਆ। ਸ਼ਹਿਰੋਂ ਬਾਹਰ ਨਿਕਲ ਕੇ ਉਹ ਆਰਾਮ ਕਰਨ ਲਈ ਇੱਕ ਬਾਗ ਵਿੱਚ ਰੁਕ ਗਿਆ। ਬੁਰੀ ਤਰ੍ਹਾਂ ਜ਼ਖਮੀ ਹੋਣ ਕਾਰਣ ਬਹੁਤ ਖ਼ੂਨ ਵਹਿ ਰਿਹਾ ਸੀ। ਪਰ ਫਿਰ ਵੀ ਉਸਨੇ ਹਮਲਾਵਰਾਂ ਨੂੰ ਸ਼ਰਾਪ ਦੇਣ ਦੀ ਥਾਂ ਉਹਨਾਂ ਨੂੰ ਸੋਝੀ ਬਖਸ਼ਣ ਦੀ ਅਰਦਾਸ ਕੀਤੀ:

> “ਹੇ ਮੇਰਿਆ ਰੱਬਾ! ਮੈਂ ਤੁਹਾਡੇ ਅੱਗੇ ਬਲ ਤੇ ਸਾਧਨਾਂ ਦੀ ਘਾਟ ਅਤੇ ਲੋਕਾਂ ਦੀਆਂ ਨਜ਼ਰਾਂ ਵਿੱਚ ਮੇਰੇ ਵਿਅਰਥ ਹੋਣ ਦੀ ਸ਼ਿਕਾਇਤ ਕਰਦਾ ਹਾਂ। ਹੇ, ਦਿਆਲੂ, ਮਿਹਰਬਾਨ! ਤੂੰ ਮੇਰਾ ਸੁਆਮੀ ਹੈ, ਸਿਰਫ ਮੇਰਾ ਹੀ ਨਹੀਂ ਤੂੰ ਤਾਂ ਹਰ ਕਮਜ਼ੋਰ ਇਨਸਾਨ ਦਾ ਸੁਆਮੀ ਹੈ। ਤੂੰ ਮੈਨੂੰ ਕਿਸ ਦੇ ਹਵਾਲੇ ਕਰ ਰਿਹਾ ਹੈ; ਕਿਸੇ ਬੇਰਹਿਮ ਤੇ ਬੇਦਰਦ ਲੋਕ ਦੇ ਜੋ ਮੇਰੇ ਲਈ ਉਦਾਸੀ ਭਰਿਆ ਹੋਵੇਗਾ ਜਾਂ ਕਿਸੇ ਪਰਦੇਸੀ ਦੇ ਜਿਸ ਨੂੰ ਤੂੰ ਮੇਰੀ ਗਤੀਵਿਧੀਆਂ ਦਾ ਮੁਕੰਮਲ ਨਿਯੰਤਰਣ ਦਿੱਤਾ ਹੈ? ਮੈਨੂੰ ਕਿਸੇ ਵੀ ਗੱਲ ਦੀ ਪਰਵਾਹ ਨਹੀਂ ਹੈ ਸਿਵਾਏ ਇਸਦੇ ਕਿ ਮੇਰੇ ਸਿਰ ’ਤੇ ਤੁਹਾਡਾ ਮਿਹਰ ਭਰਿਆ ਹੱਥ ਬਣਿਆ ਰਹੇ। ਮੈਂ ਤੁਹਾਡੇ ਚਾਨਣ ਵਿੱਚ ਪਨਾਹ ਲੈਂਦਾ ਹਾਂ— ਉਹ ਚਾਨਣ ਜੋ ਆਕਾਸ਼ ਨੂੰ ਪ੍ਰਕਾਸ਼ਮਾਨ ਕਰਦਾ ਹੈ ਅਤੇ ਹਰ ਕਿਸਮ ਦੇ ਹਨੇਰੇ ਨੂੰ ਦੂਰ ਕਰਦਾ ਹੈ ਅਤੇ ਜੋ ਇਸ ਸੰਸਾਰ ਅਤੇ ਪਰਲੋਕ ਵਿੱਚ ਸਾਰੇ ਮਾਮਲਿਆਂ ਨੂੰ

ਨਿਯੰਤਰਿਤ ਕਰਦਾ ਹੈ। ਮੈਂ ਕਦੇ ਨਹੀਂ ਚਾਹਾਂਗਾ ਕਿ ਮੈਨੂੰ ਤੁਹਾਡੇ ਕ੍ਰੋਧ ਦਾ ਸਾਹਮਣਾ ਕਰਨਾ ਪਵੇ ਜਾਂ ਫਿਰ ਤੁਸੀਂ ਮੇਰੇ ਤੋਂ ਕਦੇ ਨਾਰਾਜ਼ ਹੋਵੋ। ਪਰ ਜੇਕਰ ਕਦੇ ਹੁੰਦੇ ਹੋ ਤਾਂ ਮੈਂ ਉਦੋਂ ਤਕ ਨਾਰਾਜ਼ਗੀ ਨੂੰ ਦੂਰ ਕਰਨ ਦਾ ਪ੍ਰਯਤਨ ਕਰਾਂਗਾ ਜਦੋਂ ਤਕ ਤੁਸੀਂ ਪ੍ਰਸੰਨ ਨਹੀਂ ਹੁੰਦੇ। ਤੁਹਾਡੇ ਤੋਂ ਇਲਾਵਾ ਹੋਰ ਕੋਈ ਐਨਾ ਤਾਕਤਵਰ ਜਾਂ ਸ਼ਕਤੀਸ਼ਾਲੀ ਨਹੀਂ ਹੈ।"

ਆਇਸ਼ਾ ਨੇ ਇੱਕ ਵਾਰ ਨਬੀ ਨੂੰ ਪੁੱਛਿਆ, "ਕੀ ਤੁਸੀਂ ਕਦੇ ਉਹੂਦ ਦੀ ਲੜਾਈ ਵਾਲੇ ਦਿਨ ਤੋਂ ਵੀ ਔਖਾ ਦਿਨ ਅਨੁਭਵ ਕੀਤਾ ਹੈ?" ਉਸਨੇ ਜਵਾਬ ਦਿੱਤਾ, "ਮੇਰੇ ਲਈ ਸਭ ਤੋਂ ਔਖਾ ਸਲੂਕ 'ਅਕਾਬਾਹ' ਦੇ ਦਿਨ ਹੋਇਆ ਸੀ ਜਦੋਂ ਮੈਂ ਇਬਨ ਅਬਦ ਯਲੀਲ ਬਿਨ ਅਬਦ ਕੁਲਾਲ (ਜੋ ਤਾਇਫ ਦੇ ਮੁਖੀਆਂ ਵਿੱਚੋਂ ਇੱਕ ਸੀ) ਨੂੰ ਇਸਲਾਮ ਵਿਚ ਆਉਣ ਦਾ ਸੱਦਾ ਦੇਣ ਦੇ ਉਦੇਸ਼ ਨਾਲ ਗਿਆ ਸੀ। ਪਰ ਉਸਨੇ (ਮੇਰੇ ਪ੍ਰਸਤਾਵ ਦਾ) ਕੋਈ ਜਵਾਬ ਨਹੀਂ ਦਿੱਤਾ।"

## ਇੱਕ ਅਸਧਾਰਨ ਯਾਤਰਾ

ਪੈਗੰਬਰੀ ਦੇ ਦਸਵੇਂ ਸਾਲ ਵਿਚ ਜਿਬ੍ਰਿਲ ਦੂਤ ਨਬੀ ਨੂੰ ਸਵਰਗ ਦੀ ਚਮਤਕਾਰੀ ਯਾਤਰਾ (ਜਿਸ ਨੂੰ 'ਮਿਰਾਜ' ਕਿਹਾ ਜਾਂਦਾ ਹੈ) 'ਤੇ ਲੈ ਜਾਣ ਲਈ ਆਇਆ ਸੀ। ਪੈਗੰਬਰ ਇੱਕ ਖੰਭਾਂ ਵਾਲੇ ਘੋੜੇ 'ਤੇ ਸਵਾਰ ਹੋ ਕੇ ਸਭ ਤੋਂ ਪਹਿਲਾਂ ਮੱਕਾ ਤੋਂ ਜੇਰੂਸਲਮ ਗਏ। ਜੇਰੂਸਲਮ ਵਿਖੇ ਪੈਗੰਬਰ ਨੇ ਡੇਵਿਡ ਦੇ ਮੰਦਰ ਵਿੱਚ ਨਮਾਜ਼ ਅਦਾ ਕੀਤੀ, ਜਿੱਥੇ ਹੋਰ ਸਾਰੇ ਨਬੀ ਵੀ ਉਸ ਨਾਲ ਨਮਾਜ਼ ਵਿੱਚ ਸ਼ਾਮਲ ਸਨ। ਫਿਰ ਉਹ ਦੇਵਦੂਤ ਜਿਬ੍ਰਿਲ ਨਾਲ ਸਵਰਗ ਵੱਲ ਤੁਰ ਪਿਆ ਅਤੇ ਇੱਕ-ਇੱਕ ਕਰਕੇ ਸੱਤਵੇਂ (ਸਵਰਗ) ਅਸਮਾਨ ਉੱਤੇ ਪਹੁੰਚ ਗਿਆ। ਉਹ ਹਰ ਸਵਰਗ ਵਿੱਚ ਨਬੀਆਂ ਨੂੰ ਮਿਲਿਆ। ਉਹ ਪਹਿਲੇ ਸਵਰਗ ਵਿਚ ਮਨੁੱਖ ਦੇ ਪੂਰਵਜ 'ਆਦਮ' ਨੂੰ ਮਿਲਿਆ, ਦੂਜੇ ਵਿਚ ਯਿਸ਼ੂ

ਅਤੇ ਜ਼ਕਰੀਆ ਦੇ ਪੁੱਤਰ ਜੋਹਨ, ਤੀਜੇ ਵਿਚ ਯੂਸੁਫ਼, ਚੌਥੇ ਵਿੱਚ ਇਦਰੀਸ, ਪੰਜਵੇਂ ਵਿੱਚ ਆਰੋਨ ਅਤੇ ਛੇਵੇਂ ਵਿੱਚ ਮੂਸਾ ਨੂੰ ਮਿਲਿਆ।

ਪੈਗੰਬਰ ਮੂਸਾ ਨੇ ਜਦੋਂ ਪੈਗੰਬਰ ਮੁਹੰਮਦ ਨੂੰ ਦੇਖਿਆ ਤਾਂ ਉਹ ਰੋਣ ਲੱਗ ਪਿਆ। ਜਦੋਂ ਇਸ ਦਾ ਕਾਰਨ ਪੁੱਛਿਆ ਗਿਆ ਤਾਂ ਪੈਗੰਬਰ ਮੂਸਾ ਨੇ ਕਿਹਾ ਕਿ ਉਹ ਭਾਵੁਕ ਹੋ ਰਿਹਾ ਹੈ ਕਿਉਂਕਿ ਪੈਗੰਬਰ ਮੁਹੰਮਦ ਉਸ ਨਾਲੋਂ ਵੀ ਕਿਤੇ ਵੱਧ ਲੋਕਾਂ ਨੂੰ ਜੰਨਤ ਤੱਕ ਲੈ ਜਾਣ ਦੇ ਯੋਗ ਹੈ। ਪ੍ਰਮਾਤਮਾ ਨੇ ਆਪਣੇ ਦੂਤ ਪੈਗੰਬਰ ਨੂੰ ਸਾਖਸ਼ਾਤ ਦਰਸ਼ਨ ਦਿੱਤੇ ਹਨ। ਇਥੇ ਭਾਵੁਕਤਾ ਦਾ ਕਾਰਣ ਇਹ ਮੁਬਾਰਕ ਮੌਕਾ ਵੀ ਹੈ ਜਦੋਂ ਪੈਗੰਬਰ ਨੂੰ ਰੋਜ਼ਾਨਾ ਪੰਜ ਵਕਤ ਕੀਤੀ ਜਾਣ ਵਾਲੀ ਨਮਾਜ਼ ਸਾਹਿਤ ਰੱਬ ਦੇ ਹੁਕਮ ਪ੍ਰਾਪਤ ਹੋਏ। ਮੂਲ ਰੂਪ ਵਿੱਚ ਰੋਜ਼ਾਨਾ ਪੰਜਾਹ ਨਮਾਜ਼ਾਂ ਦਾ ਅਦਾ ਕਰਨਾ ਨੀਅਤ ਕੀਤਾ ਗਿਆ ਸੀ, ਪਰ ਮੂਸਾ ਨੇ ਪੈਗੰਬਰ ਨੂੰ ਪ੍ਰਮਾਤਮਾ ਕੋਲ ਜਾ ਕੇ ਨਮਾਜ਼ਾਂ ਘਟਾਉਣ ਸੰਬੰਧੀ ਫ਼ਰਿਆਦ ਕਰਨ ਲਈ ਕਿਹਾ। ਪਰਿਣਾਮਸਰੂਪ ਪ੍ਰਮਾਤਮਾ ਨੇ ਨਮਾਜ਼ਾਂ ਨੂੰ ਘਟਾ ਕੇ 10 ਕਰ ਦਿੱਤਾ ਪਰ ਜਦੋਂ ਮੁਹੰਮਦ ਸਾਹਿਬ ਹੋਰ ਕਟੌਤੀ ਲਈ ਫ਼ਰਿਆਦ ਕਰਨ ਦੁਬਾਰਾ ਪ੍ਰਮਾਤਮਾ ਕੋਲ ਗਏ ਤਾਂ ਉਹਨਾਂ ਨੇ ਨਮਾਜ਼ਾਂ ਦੀ ਗਿਣਤੀ ਘਟਾ ਕੇ 5 ਕਰ ਦਿੱਤੀ। ਇਸ ਉਪਰੰਤ ਮੁਹੰਮਦ ਸਾਹਿਬ ਘਰ ਪਰਤ ਆਏ।

ਪੈਗੰਬਰ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਜਿਸ ਥਾਂ ’ਤੇ ਉਹ ਲੰਮੇਂ ਪਏ ਸੀ, ਉਹ ਥਾਂ ਅਜੇ ਵੀ ਨਿੱਘੀ ਸੀ ਅਤੇ ਜਿਸ ਪਿਆਲੇ ਨੂੰ ਖਾਲੀ ਕਰਨ ਲਈ ਉਲਟਾ ਕਰਕੇ ਗਏ ਸੀ, ਉਹ ਅਜੇ ਵੀ ਖਾਲੀ ਹੋ ਰਿਹਾ ਸੀ। ਇਹ ਸ਼ਾਨਦਾਰ ਅਨੁਭਵ ਇੱਕ ਪਲ ਤੋਂ ਵੀ ਘੱਟ ਸਮੇਂ ਵਿੱਚ ਹੋਇਆ ਸੀ।

ਇਹ ਜੋ ਕਰਿਸ਼ਮਾ ਵਾਪਰਿਆ, ਅਗਲੀ ਸਵੇਰ ਪੈਗੰਬਰ ਨੇ ਕੁਰੈਸ਼ ਨੂੰ ਦੱਸਿਆ। ਉਨ੍ਹਾਂ ਨੇ ਉਸ ਉੱਤੇ ਵਿਸ਼ਵਾਸ ਨਹੀਂ ਕੀਤਾ। ਬਹੁਤ ਸਾਰੇ ਸਾਥੀ ਹੈਰਾਨ ਸਨ ਅਤੇ ਪੈਗੰਬਰ ਨੂੰ ਸਮਝਾਉਣਾ ਚਾਹੁੰਦੇ

ਸਨ ਕਿ ਅਜਿਹਾ ਕਿਵੇਂ ਹੋ ਸਕਦਾ ਹੈ। ਪਰ ਪੈਗੰਬਰ ਦੇ ਜੇਰੂਸਲਮ ਦੇ ਵਰਣਨ ਅਤੇ ਉਸ ਨੇ ਮੱਕਾ ਵਾਪਸ ਜਾਂਦੇ ਹੋਏ ਜੋ ਕਾਫ਼ਲੇ ਦੇਖੇ ਸਨ; ਤੋਂ ਕੁਰੈਸ਼ ਨੂੰ ਯਕੀਨ ਹੋ ਗਿਆ ਕਿ ਮੁਹੰਮਦ ਸੱਚ ਬੋਲ ਰਹੇ ਸਨ।

# ਮਦੀਨਾ ਵੱਲ ਪਰਵਾਸ

ਪੈਗੰਬਰ ਮੱਕਾ ਦੇ ਬਾਹਰੋਂ ਆਉਣ ਵਾਲੇ ਲੋਕਾਂ ਨੂੰ ਇਸਲਾਮ ਦਾ ਸੰਦੇਸ਼ ਦਿੰਦੇ ਸਨ। ਯਥਰੀਬ (ਪੈਗੰਬਰ ਦੇ ਸ਼ਹਿਰ 'ਮਦੀਨਾਤੁਨ-ਨਬੀ' ਵਜੋਂ ਨਾਮ ਬਦਲਿਆ ਗਿਆ) ਦੇ ਵਸਨੀਕਾਂ ਨੇ ਇਸਲਾਮ ਕਬੂਲ ਕਰਨਾ ਆਰੰਭ ਕਰ ਦਿੱਤਾ ਸੀ।

ਪੈਗੰਬਰੀ ਦੇ ਤੇਰ੍ਹਵੇਂ ਸਾਲ ਯਥਰੀਬ ਤੋਂ 72 ਮੁਸਲਮਾਨ ਹੱਜ ਲਈ ਆਏ। ਉਹਨਾਂ ਨੇ ਆਪਣੇ ਲੋਕਾਂ ਵਲੋਂ ਪੈਗੰਬਰ ਨੂੰ ਯਥਰੀਬ ਆ ਕੇ ਵਸਣ ਦਾ ਸੱਦਾ ਦਿੱਤਾ। ਯਥਰੀਬ ਦੇ ਇਨ੍ਹਾਂ ਵਸਨੀਕਾਂ ਨੇ ਪੈਗੰਬਰ ਨੂੰ ਉਸਦੇ ਦੁਸ਼ਮਣਾਂ ਤੋਂ ਸੁਰੱਖਿਆ ਦੇਣ ਦਾ ਵਾਅਦਾ ਕੀਤਾ। ਇਸ ਦੇ ਬਦਲੇ ਵਿਚ ਉਹ ਪੈਗੰਬਰ ਤੋਂ ਸਿਰਫ਼ ਇੱਕ ਭਰੋਸਾ ਚਾਹੁੰਦੇ ਸਨ ਕਿ ਉਹ ਪਰਮਸੱਤਾ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਨੂੰ ਛੱਡ ਕੇ ਮੱਕਾ ਵਾਪਸ ਨਹੀਂ ਜਾਵੇਗਾ। ਮੁਹੰਮਦ ਨੇ ਜਵਾਬ ਦਿੱਤਾ: "ਤੁਸੀਂ ਭਰੋਸਾ ਰੱਖੋ। ਮੈਂ ਤੁਹਾਡਾ ਹਾਂ ਤੇ ਤੁਸੀਂ ਮੇਰੇ।"

ਹੁਣ ਮੁਸਲਮਾਨਾਂ ਨੇ ਕੁਰੈਸ਼ਾਂ ਦੇ ਜ਼ੁਲਮਾਂ ਤੋਂ ਬਚਣ ਲਈ ਵੱਡੀ ਗਿਣਤੀ ਵਿਚ ਯਥਰੀਬ ਵੱਲ ਕੂਚ ਕਰਨਾ ਆਰੰਭ ਕਰ ਦਿੱਤਾ। ਮੱਕਾ ਵਿੱਚ ਸਿਰਫ਼ ਪੈਗੰਬਰ, ਅਬੂ ਬਕਰ ਅਤੇ ਕੁਝ ਮੁਸਲਮਾਨ ਬਚੇ ਸਨ। ਇਸ ਨਾਲ ਕੁਰੈਸ਼ ਨਾਰਾਜ਼ ਹੋ ਗਏ ਕਿਉਂਕਿ ਇਸਲਾਮ ਹੁਣ ਯਥਰੀਬ ਵਿਚ ਆਪਣੀ ਜੜ੍ਹ ਮਜ਼ਬੂਤ ਕਰ ਰਿਹਾ ਸੀ ਤੇ ਇਸ ਤੋਂ ਵੱਧ

ਖ਼ਤਰਨਾਕ ਹੋਰ ਕੁਝ ਨਹੀਂ ਸੀ। ਇਸ ਲਈ ਉਨ੍ਹਾਂ ਨੇ ਇਸ ਖ਼ਤਰੇ ਨੂੰ ਹਮੇਸ਼ਾ ਲਈ ਦੂਰ ਕਰਨ ਦਾ ਸੰਕਲਪ ਲਿਆ। ਓਹਨਾਂ ਨੇ ਕਿਹਾ:

> "ਮੁਹੰਮਦ ਨੂੰ ਮਾਰ ਦਿਓ, ਇਸਲਾਮ ਉਸਦੇ ਨਾਲ ਹੀ ਮਰ ਜਾਵੇਗਾ।"

ਜਿਨ੍ਹਾਂ ਨੌਜੁਆਨਾਂ ਦੇ ਨਾਲ ਕੁਰੈਸ਼ ਕਬੀਲੇ ਨੇ ਕਤਲੇਆਮ ਕਰਨ ਦੀ ਯੋਜਨਾ ਬਣਾਈ ਸੀ, ਉਹ ਉਸ ਭਿਆਨਕ ਰਾਤ ਵਿੱਚ ਵਿਧੀਵਤ ਇਕੱਠੇ ਹੋਏ। ਪਰ ਇਸ ਤੋਂ ਪਹਿਲਾਂ ਕਿ ਕੁਰੈਸ਼ ਆਪਣੀ ਯੋਜਨਾ ਨੂੰ ਅਮਲ ਵਿੱਚ ਲਿਆਉਂਦੇ, ਪ੍ਰਮਾਤਮਾ ਨੇ ਪੈਗੰਬਰ ਲਈ ਇੱਕ ਵੱਖਰੀ ਯੋਜਨਾ ਦੀ ਕਲਪਨਾ ਕਰਦੇ ਹੋਏ ਉਸਨੂੰ ਮਦੀਨਾਹ ਲਈ ਰਵਾਨਾ ਹੋਣ ਦਾ ਹੁਕਮ ਕਰ ਦਿੱਤਾ ਅਤੇ ਪਰਮੇਸ਼ਰ ਦੀ ਯੋਜਨਾ ਨੂੰ ਕੌਣ ਬਦਲ ਕਰ ਸਕਦਾ ਹੈ? ਇਸ ਅਨੁਸਾਰ, ਪੈਗੰਬਰ ਨੇ ਲੋਕਾਂ ਦੀਆਂ ਸਾਰੀਆਂ ਜਮ੍ਹਾਂ ਰਾਸ਼ੀਆਂ ਵਾਪਸ ਦਵਾਉਣ ਤੋਂ ਬਾਅਦ ਅਲੀ ਨੂੰ ਆਪਣੇ ਬਿਸਤਰੇ 'ਤੇ ਲਿਟਾ ਦਿੱਤਾ, ਜਦਕਿ ਉਹ ਆਪ ਅੱਧੀ ਰਾਤ ਨੂੰ ਘਰ ਤੋਂ ਬਾਹਰ ਚਲਾ ਗਿਆ।

ਸਵੇਰ ਹੋਣ ਤੋਂ ਪਹਿਲਾਂ, ਪੈਗੰਬਰ, ਅਬੂ ਬਕਰ ਸਮੇਤ ਮੱਕਾ ਛੱਡ ਗਿਆ ਅਤੇ ਸ਼ਹਿਰ ਤੋਂ ਲਗਭਗ ਪੰਜ ਮੀਲ ਦੀ ਦੂਰੀ 'ਤੇ ਦੋਵਾਂ ਨੇ ਥਾਵਰ ਨਾਮਕ ਗੁਫਾ ਵਿੱਚ ਸ਼ਰਨ ਲਈ।

ਜਦੋਂ ਮੱਕਾ ਵਾਸੀਆਂ ਨੂੰ ਪੈਗੰਬਰ ਦੇ ਰੁਖਸਤ ਹੋਣ ਬਾਰੇ ਪਤਾ ਲੱਗਾ ਤਾਂ ਉਹ ਗੁੱਸੇ ਨਾਲ ਪਾਗਲ ਹੋ ਗਏ। ਉਨ੍ਹਾਂ ਨੇ ਪੈਗੰਬਰ ਮੁਹੰਮਦ ਦੇ ਥਾਂ-ਟਿਕਾਣੇ ਦੀ ਸੂਚਨਾ ਦੇਣ ਵਾਲੇ ਨੂੰ ਸੌ ਊਠ ਇਨਾਮ ਵਜੋਂ ਦੇਣ ਦਾ ਐਲਾਨ ਕੀਤਾ ਅਤੇ ਕਈ ਘੋੜਸਵਾਰ ਤੁਰੰਤ ਮਾਰੂਥਲ ਵੱਲ ਭੇਜ ਦਿੱਤੇ। ਉਨ੍ਹਾਂ ਘੌੜਸਵਾਰਾਂ ਵਿੱਚੋਂ ਕੁਝ ਤਾਂ ਥਾਵਰ ਦੀ ਗੁਫਾ ਦੇ ਬਿਲਕੁਲ ਸਾਹਮਣੇ ਪਹੁੰਚਣ ਵਿੱਚ ਕਾਮਯਾਬ ਹੋ ਗਏ। ਅਬੂ ਬਕਰ ਨੂੰ ਡਰ ਸੀ ਕਿ ਕਿਤੇ ਉਹ ਪੈਗੰਬਰ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਣ। ਪਰ ਪੈਗੰਬਰ ਨੇ ਆਪ ਉਸਨੂੰ ਭਰੋਸਾ ਦਵਾਉਂਦਿਆਂ ਕਿਹਾ:

"ਡਰ ਨਾ। ਇਸ ਗੁਫਾ ਵਿੱਚ ਸਿਰਫ਼ ਅਸੀਂ ਦੋ ਨਹੀਂ ਹਾਂ।
ਇੱਕ ਤੀਜਾ 'ਪਰਮਾਤਮਾ' ਵੀ ਹੈ।"

ਪੈਗੰਬਰ ਅਤੇ ਅਬੂ ਬਕਰ ਤਿੰਨ ਦਿਨ ਤੇ ਤਿੰਨ ਰਾਤਾਂ ਇਸ ਗੁਫਾ ਵਿੱਚ ਲੁਕੇ ਰਹੇ। ਚੌਥੇ ਦਿਨ ਉਹ ਬਾਹਰ ਆਏ ਅਤੇ ਸਫ਼ਰ ਮੁੜ ਆਰੰਭ ਕੀਤਾ। ਇਸ ਖ਼ਤਰਨਾਕ ਸਫ਼ਰ ਲਈ ਉਨ੍ਹਾਂ ਦਾ ਮਾਰਗਦਰਸ਼ਕ ਅਬਦੁੱਲਾ ਇਬਨ ਅਲ ਉਰੈਕੀਤ ਸੀ, ਜੋ ਕਿ ਇੱਕ ਗੈਰ ਮੁਸਲਮਾਨ ਸੀ ਅਤੇ ਅਬੂ ਬਕਰ ਦਾ ਦੋਸਤ ਸੀ।

## ਮਨੁੱਖਤਾ ਲਈ ਪਿਆਰ

ਪੈਗੰਬਰ ਨੂੰ ਸਭ ਤੋਂ ਪਹਿਲੀ ਚਿੰਤਾ ਮੱਕਾ ਤੋਂ ਆਏ ਸ਼ਰਨਾਰਥੀਆਂ ਦੀ ਸੀ। ਉਨ੍ਹਾਂ ਕੋਲ ਨਾ ਤਾਂ ਘਰ ਸੀ ਅਤੇ ਨਾ ਹੀ ਪੈਸਾ। ਉਨ੍ਹਾਂ ਵਿਚੋਂ ਬਹੁਤੇ ਮੱਕੇ ਵਿਚ ਹਰ ਪੱਖੋਂ ਪਰਿਪੱਕ ਸਨ, ਪਰ ਉਹ ਆਪਣਾ ਸਭ ਕੁਝ ਪਿੱਛੇ ਛੱਡ ਕੇ ਇਥੇ ਆਏ ਸਨ। ਇਸ ਲਈ ਪੈਗੰਬਰ ਲਈ ਸਭ ਤੋਂ ਮਹੱਤਵਪੂਰਨ ਕੰਮ ਉਨ੍ਹਾਂ ਨੂੰ ਨਵੀਂ ਥਾਂ ਵਸਾਉਣਾ ਸੀ।

ਇਸ ਸਮੱਸਿਆ ਦਾ ਹੱਲ ਇਸਲਾਮ ਵਿੱਚ ਭਾਈਚਾਰੇ ਦੇ ਸੰਕਲਪ ਵਿੱਚੋਂ ਲੱਭਿਆ ਗਿਆ। ਪੈਗੰਬਰ ਨੇ ਮੁਸਲਮਾਨਾਂ ਨੂੰ ਇਕ ਥਾਂ ਇਕੱਠਾ ਕਰਕੇ ਸੁਝਾਅ ਦਿੱਤਾ ਕਿ ਇੱਕ ਅੰਸਾਰ (ਮਦੀਨੇ ਦਾ ਮੁਸਲਮਾਨ) ਅਤੇ ਇੱਕ ਮੁਹਾਜਿਰ (ਮੱਕੇ ਦਾ ਮੁਸਲਮਾਨ) ਦੋ ਭਰਾਵਾਂ ਵਾਂਗ ਇੱਕਠੇ ਹੋ ਕੇ ਰਹਿਣ ਲੱਗ ਜਾਣ ਤਾਂ ਸਮਸਿਆ ਦਾ ਸਮਾਧਾਨ ਹੋ ਸਕਦਾ ਹੈ। ਮਦੀਨਾ ਦੇ ਮੁਸਲਮਾਨਾਂ ਨੇ ਪੈਗੰਬਰ ਦੇ ਸੁਝਾਅ ਨੂੰ ਤੁਰੰਤ ਸਵੀਕਾਰ ਕਰ ਲਿਆ। ਹਰ ਅੰਸਾਰ ਨੇ ਇੱਕ ਮੱਕੇ ਦੇ ਮੁਸਲਮਾਨ ਨੂੰ ਆਪਣਾ ਭਰਾ ਬਣਾ ਲਿਆ। ਦੋਹਾਂ ਦਾ ਇਹ ਰਿਸ਼ਤਾ ਖ਼ੂਨ ਦੇ ਰਿਸ਼ਤੇ ਨਾਲੋਂ ਵੀ ਮਜ਼ਬੂਤ ਹੋ ਗਿਆ। ਅੰਸਾਰ ਨੇ ਆਪਣੇ ਮੱਕੇ ਦੇ ਭਰਾ ਨੂੰ ਘਰ, ਜ਼ਮੀਨ, ਪੈਸਾ ਅਤੇ ਹੋਰ ਸਮਾਨ ਦਾ ਅੱਧਾ ਹਿੱਸਾ ਦਿੱਤਾ।

ਪੈਗੰਬਰ ਨੇ ਮਦੀਨਾ ਵਿਚ ਵਸਣ ਉਪਰੰਤ ਆਪਣਾ ਪਹਿਲਾ ਉਪਦੇਸ਼ ਜੁਮੂਆ ਦੀ ਮਸਜਿਦ ਵਿਖੇ ਪਹਿਲੇ ਸ਼ੁੱਕਰਵਾਰ ਨੂੰ ਦਿੱਤਾ ਜਦੋਂ ਉਹ ਕਿਊਬਾ ਤੋਂ ਮਦੀਨਾਹ ਦੀ ਯਾਤਰਾ ਕਰ ਰਿਹਾ ਸੀ। ਉਸ ਨੇ ਕਿਹਾ:

1. ਸਰਬਸ਼ਕਤੀਮਾਨ ਪਰਮਾਤਮਾ ਦੀ ਪੂਜਾ ਕਰੋ।

2. ਤੁਹਾਨੂੰ ਆਪਣੇ ਜੀਵਨ ਵਿੱਚ ਸੱਚਾ ਹੋਣਾ ਚਾਹੀਦਾ ਹੈ।

3. ਆਪਣੇ ਸਮਾਜ ਵਿੱਚ ਹਰ ਕਿਸੇ ਨੂੰ ਪਿਆਰ ਕਰੋ।

4. ਤੁਹਾਡੇ ਦੁਆਰਾ ਕੀਤੇ ਗਏ ਵਾਅਦਿਆਂ ਅਤੇ ਸੰਕਲਪਾਂ ਨੂੰ ਪੂਰਾ ਕਰੋ।

5. ਆਪਣੇ ਜੀਵਨ ਵਿੱਚ ਹਲਾਲ ਅਤੇ ਹਰਾਮ ਵਿੱਚ ਫਰਕ ਕਰੋ।

6. ਦੂਜਿਆਂ ਨਾਲ ਚੰਗਾ ਵਿਵਹਾਰ ਕਰੋ।

ਮੱਕਾ ਵਾਸੀਆਂ ਵਲੋਂ ਤਸੀਹੇ ਮਿਲਣ ਅਤੇ ਹਿਜਰਤ ਕਰਨ ਲਈ ਮਜ਼ਬੂਰ ਕੀਤੇ ਜਾਣ ਤੋਂ ਬਾਅਦ ਵੀ ਪੈਗੰਬਰ ਨੇ ਕਿਸੇ ਕਿਸਮ ਦੇ ਬਦਲੇ ਦਾ ਜ਼ਿਕਰ ਨਹੀਂ ਕੀਤਾ, ਸਗੋਂ ਮਦੀਨਾ ਦੇ ਲੋਕਾਂ ਵਿੱਚ ਪਿਆਰ, ਸ਼ਾਂਤੀ ਅਤੇ ਮਨੁੱਖਤਾ ਫੈਲਾਉਣ ਦੀ ਗੱਲ ਕੀਤੀ।

## ਪੈਗੰਬਰ ਦੀ ਮਸਜਿਦ

ਪੈਗੰਬਰ ਲਈ ਅਗਲਾ ਸਭ ਤੋਂ ਮਹੱਤਵਪੂਰਨ ਕੰਮ ਇੱਕ ਮਸਜਿਦ ਬਣਾਉਣਾ ਸੀ। ਜੋ ਕਿ ਉਸਨੇ ਦੋ ਅਨਾਥਾਂ ਤੋਂ ਖਰੀਦੀ ਹੋਈ ਜ਼ਮੀਨ ’ਤੇ ਬਣਾਈ। ਇਸ ਦੀਆਂ ਕੰਧਾਂ ਕੱਚੀਆਂ ਅਤੇ ਛੱਤ ਖਜੂਰ ਦੇ ਪੱਤਿਆਂ ਦੀ ਸੀ। ਪੈਗੰਬਰ ਨੇ ਖੁਦ ਹੇਠ ਲਿਖੀਆਂ ਆਇਤਾਂ ਦਾ ਪਾਠ ਕਰਦੇ ਹੋਏ ਇੱਟਾਂ ਅਤੇ ਪੱਥਰ ਚੁੱਕ ਕੇ ਮਸਜਿਦ ਦੀ ਉਸਾਰੀ ਵਿੱਚ ਯੋਗਦਾਨ ਪਾਇਆ:

"ਹੇ ਰੱਬਾ! ਪਰਲੋਕ ਤੋਂ ਇਲਾਵਾ ਖੁਸ਼ੀ ਹੋਰ ਕਿਤੇ ਨਹੀਂ ਹੈ, ਮੈਂ ਤੁਹਾਨੂੰ ਪ੍ਰਵਾਸੀਆਂ ਅਤੇ ਮਦਦਗਾਰਾਂ 'ਤੇ ਮਿਹਰ ਬਣਾਈ ਰੱਖਣ ਲਈ ਬੇਨਤੀ ਕਰਦਾ ਹਾਂ।

ਕਿਬਲਾ (ਜਿਸ ਦਿਸ਼ਾ ਵਿਚ ਮੁਸਲਮਾਨ ਨਮਾਜ਼ ਮੌਕੇ ਮੂੰਹ ਰੱਖਦੇ ਹਨ) ਜੇਰੂਸਲਮ ਦੇ ਬਿਲਕੁਲ ਸਾਹਮਣੇ ਬਣਾਇਆ ਗਿਆ ਸੀ। ਇਸ ਨੂੰ ਬਾਅਦ ਵਿੱਚ ਇਲਾਹੀ ਹੁਕਮ ਅਨੁਸਾਰ ਮੱਕਾ (ਕਾਬਾ ਦੇ ਘਰ) ਵਿੱਚ ਬਦਲ ਦਿੱਤਾ ਗਿਆ ਸੀ।

ਪੈਗੰਬਰ ਦੇ ਪਰਿਵਾਰ ਲਈ ਮਸਜਿਦ ਦੇ ਬਿਲਕੁਲ ਨਾਲ ਝੌਂਪੜੀਆਂ ਬਣਾਈਆਂ ਗਈਆਂ। ਮਸਜਿਦ ਸਿਰਫ਼ ਨਮਾਜ਼ ਅਦਾ ਕਰਨ ਦੀ ਥਾਂ ਹੀ ਨਹੀਂ ਸੀ, ਸਗੋਂ ਇਹ ਪ੍ਰਸ਼ਾਸਨਿਕ ਹੈੱਡਕੁਆਰਟਰ ਵੀ ਸੀ ਜਿੱਥੇ ਸਲਾਹ-ਮਸ਼ਵਰੇ ਹੁੰਦੇ ਸਨ ਅਤੇ ਮਹੱਤਵਪੂਰਨ ਫ਼ੈਸਲੇ ਲਏ ਜਾਂਦੇ ਸਨ।

ਮਸਜਿਦ ਦੇ ਇੱਕ ਕੋਨੇ ਵਿੱਚ ਫੂਸ (ਸੁੱਕਾ ਘਾਹ) ਦੀ ਛੱਤ ਵਾਲਾ ਚਬੂਤਰਾ ਬਣਾਇਆ ਗਿਆ ਸੀ। ਇੱਥੇ ਉਹ ਗਰੀਬ ਲੋਕ ਰਹਿੰਦੇ ਸਨ ਜਿਨ੍ਹਾਂ ਦਾ ਆਪਣਾ ਕੋਈ ਘਰ-ਪਰਿਵਾਰ ਨਹੀਂ ਸੀ। ਉਹ ਆਪਣਾ ਸਮਾਂ ਪੂਜਾ-ਪਾਠ ਵਿਚ ਬਿਤਾਉਂਦੇ ਸਨ। ਇਨ੍ਹਾਂ ਦੇ ਭੋਜਨ ਦਾ ਪ੍ਰਬੰਧ ਉਨ੍ਹਾਂ ਮੁਸਲਮਾਨਾਂ ਦੁਆਰਾ ਕੀਤਾ ਜਾਂਦਾ ਸੀ ਜੋ ਆਰਥਿਕ ਤੌਰ 'ਤੇ ਅਜਿਹਾ ਕਰਨ ਦੀ ਸਮਰੱਥਾ ਰੱਖਦੇ ਸਨ। ਗਰੀਬ ਲੋਕ ਕਦੇ-ਕਦੇ ਜੰਗਲ ਵਿੱਚੋਂ ਲੱਕੜਾਂ ਇਕੱਠੀਆਂ ਕਰਕੇ ਅਤੇ ਉਹਨਾਂ ਨੂੰ ਬਾਜ਼ਾਰ ਵਿੱਚ ਵੇਚ ਕੇ ਵੀ ਆਪਣਾ ਗੁਜ਼ਾਰਾ ਕਰਦੇ ਸਨ। ਇਹ ਲੋਕ 'ਅਸਾਹਬ ਉਸ-ਸੂਫ਼ਾ' (ਬੈਂਚ ਦੇ ਲੋਕ) ਵਜੋਂ ਜਾਣੇ ਜਾਂਦੇ ਸਨ। 'ਅਸਾਹਬ ਉਸ-ਸੂਫ਼ਾ' ਦੀ ਗਿਣਤੀ ਵੱਖ-ਵੱਖ ਦੱਸੀ ਜਾਂਦੀ ਹੈ ਪਰ ਜ਼ਿਆਦਾਤਰ ਸਰੋਤਾਂ ਵਿਚ ਇਹ ਗਿਣਤੀ ਸੱਤਰ ਦੱਸੀ ਗਈ ਹੈ। ਪੈਗੰਬਰ ਦਾ ਸਿਦਕੀ ਸੇਵਾਦਾਰ ਅਤੇ ਅਸਾਹਬ ਉਸ-ਸੁਫ਼ਾ ਦਾ

ਮਹੱਤਵਪੂਰਨ ਮੈਂਬਰ ਅਬੂ ਹੁਰੈਰਾ, ਹੋਰਾਂ ਨਾਲੋਂ ਵੱਧ ਹਦੀਸ (ਪੈਗੰਬਰ ਦੀ ਕਥਨੀ ਅਤੇ ਕਰਨੀ ਦੀਆਂ ਪਰੰਪਰਾਵਾਂ) ਨਾਲ ਸਬੰਧਤ ਹੈ।

ਅਬੂ ਹੁਰੈਰਾ ਨੇ ਖੁਦ ਦੱਸਿਆ ਕਿ ਇਹ ਕਿਵੇਂ ਸੰਭਵ ਹੋਇਆ। ਉਹ ਕਹਿੰਦਾ ਕਿ ਮੁਹਾਜਿਰ ਵਪਾਰੀ ਸਨ ਜਿਨ੍ਹਾਂ ਦੇ ਕਿੱਤੇ ਨੇ ਉਨ੍ਹਾਂ ਨੂੰ ਖਰੀਦ-ਫਰੋਖ਼ਤ ਵਿਚ ਮਸਰੂਫ਼ ਰੱਖਿਆ ਸੀ। ਅੰਸਾਰਾਂ ਕੋਲ ਖਜੂਰ ਦੇ ਬਾਗ ਸਨ ਤੇ ਉਹ ਉਨ੍ਹਾਂ ਦੀ ਦੇਖ-ਭਾਲ ਵਿਚ ਵਿਅਸਤ ਸਨ। ਇਕ ਮੈਂ ਸੀ ਜਿਸ ਕੋਲ ਇਹਨਾਂ ਵਿੱਚੋਂ ਕੋਈ ਵੀ ਵਿਵਸਥਾ ਤੇ ਚਿੰਤਾ ਨਹੀਂ ਸੀ। ਸਭ ਦੇ ਵਿਅਸਤ ਅਤੇ ਪੈਗੰਬਰ ਦੇ ਇਕੱਲੇ ਹੋਣ ਕਰਕੇ ਇਕ ਵਾਰ ਮੈਂ ਪੈਗੰਬਰ ਨੂੰ ਆਪਣੀ ਭੁੱਲਣ ਦੀ ਆਦਤ ਦਾ ਜ਼ਿਕਰ ਕੀਤਾ। ਪੈਗੰਬਰ ਮੁਹੰਮਦ ਨੇ ਮੈਨੂੰ ਆਪਣੀ ਝੋਲੀ ਅੱਡਣ ਲਈ ਕਿਹਾ, ਫਿਰ ਕੁਝ ਦੁਆਵਾਂ ਪੜ੍ਹੀਆਂ ਤੇ ਝੋਲੀ ਕੱਠੀ ਕਰਕੇ ਆਪਣੀ ਛਾਤੀ ਨਾਲ ਲਾਉਣ ਦਾ ਹੁਕਮ ਕੀਤਾ। ਉਸ ਦਿਨ ਤੋਂ ਬਾਅਦ ਮੈਂ ਕਦੇ ਵੀ ਕੁਝ ਨਹੀਂ ਭੁੱਲਿਆ।

## ਮੱਕਾ- ਇਕ ਵਿਰੋਧੀ ਧਿਰ

ਪੈਗੰਬਰ ਸ਼ਾਂਤੀ ਅਤੇ ਸਾਂਝ-ਪਿਆਰ ਦਾ ਧਾਰਣੀ ਪੁਰਖ ਸੀ। ਉਸ ਨੇ ਆਪਣੇ ਸਹਿਯੋਗੀਆਂ ਨੂੰ ਪ੍ਰਮਾਤਮਾ ਤੋਂ ਸੁੱਖ-ਸ਼ਾਂਤੀ ਲਈ ਬੇਨਤੀ ਕਰਨ ਲਈ ਕਿਹਾ। ਪੈਗੰਬਰ ਦਾ ਮੁੱਖ ਕਾਰਜ ਲੋਕਾਈ ਵਿਚ ਇਲਾਹੀ ਸੰਦੇਸ਼ ਦਾ ਸੰਚਾਰ ਕਰਨਾ ਸੀ ਅਤੇ ਇਸ ਫਰਜ਼ ਨੂੰ ਨਿਭਾਉਣ ਲਈ ਸ਼ਾਂਤੀ ਅਤੇ ਸਦਭਾਵਨਾ ਦਾ ਮਾਹੌਲ ਲਾਜ਼ਮੀ ਸੀ। ਪਰ ਕੁਰੈਸ਼ਾਂ ਨੇ ਉਸ ਨੂੰ ਸ਼ਾਂਤੀਪੂਰਨ ਹਾਲਤਾਂ ਵਿਚ ਇਲਾਹੀ ਕਾਰਜ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਜਦੋਂ ਕੁਰੈਸ਼ਾਂ ਨੇ ਦੇਖਿਆ ਕਿ ਮੁਸਲਮਾਨ ਦਿਨੋ-ਦਿਨ ਤਾਕਤਵਰ ਹੋ ਰਹੇ ਹਨ ਤਾਂ ਉਨ੍ਹਾਂ ਨੇ ਯੁੱਧ ਛੇੜ ਕੇ ਪੈਗੰਬਰ ਨੂੰ ਪੂਰੀ ਤਰ੍ਹਾਂ ਕੁਚਲਣ ਦਾ ਸੰਕਲਪ ਲਿਆ।

## ਬਦਰ

ਕੁਰੈਸ਼ ਨੇ ਇੱਕ ਹਜ਼ਾਰ ਤਕੜੇ ਸਿਪਾਹੀਆਂ ਨਾਲ ਮਦੀਨੇ ਵੱਲ ਕੂਚ ਕੀਤਾ। ਉਨ੍ਹਾਂ ਨੇ ਮਦੀਨੇ ਤੋਂ ਅੱਸੀ ਮੀਲ ਦੂਰ 'ਬਦਰ' ਵਿਖੇ ਡੇਰਾ ਲਾਇਆ। ਇਹ ਹਿਜਰਾਹ ਤੋਂ ਦੋ ਸਾਲ ਬਾਅਦ ਰਮਜ਼ਾਨ ਦਾ ਮਹੀਨਾ ਸੀ। ਬਦਰ ਵਿਖੇ ਦੁਸ਼ਮਣ ਦੇ ਡੇਰੇ ਹੋਣ ਦੀ ਖ਼ਬਰ ਸੁਣ ਕੇ ਪੈਗੰਬਰ 313 ਮੁਸਲਮਾਨਾਂ ਦੀ ਫੌਜ ਸਹਿਤ ਮਦੀਨੇ ਤੋਂ ਬਦਰ ਵਲ ਤੁਰ ਪਿਆ। ਇਕ ਪਾਸੇ ਪੈਗਬਰ ਤੇ ਸਾਥੀ ਬਗੈਰ ਹਥਿਆਰ ਸਨ ਅਤੇ ਘੋੜੇ ਵੀ ਬਹੁਤ ਘੱਟ ਹੀ ਸਨ। ਦੂਜੇ ਪਾਸੇ ਮੱਕਾ ਵਾਸੀ ਹਥਿਆਰਬੰਦ ਸਨ ਅਤੇ ਉਨ੍ਹਾਂ ਕੋਲ 300 ਘੋੜੇ ਅਤੇ 700 ਊਠ ਸਨ।

ਇਹ ਯੁੱਧ ਰਮਜ਼ਾਨ ਦੇ 17ਵੇਂ ਸ਼ੁੱਕਰਵਾਰ ਨੂੰ ਆਰੰਭ ਹੋਇਆ। ਯੁੱਧ ਸਿਰਫ ਕੁਝ ਘੰਟੇ ਚੱਲਿਆ, ਜਿਸ ਦੌਰਾਨ ਪੈਗੰਬਰ ਨੇ ਦੈਵੀ ਸਹਾਇਤਾ ਲਈ ਲਗਾਤਾਰ ਪ੍ਰਾਰਥਨਾਵਾਂ ਕੀਤੀਆਂ। ਪਰਿਣਾਮਸਰੂਪ ਪਰਮੇਸ਼ਰ ਨੇ ਮਦਦ ਹਿੱਤ ਦੇਵਦੂਤ ਭੇਜੇ ਤੇ ਉਹਨਾਂ ਨੇ ਜਿੱਤ ਪ੍ਰਾਪਤ ਕੀਤੀ। ਕੁਰੈਸ਼ ਦੇ ਹਜ਼ਾਰਾਂ ਸਿਪਾਹੀਆਂ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ।

## ਉਹੂਦ

ਬਦਰ ਦੀ ਹਾਰ ਨਾਲ ਕੁਰੈਸ਼ਾਂ ਨੇ ਸਬਕ ਤਾਂ ਕੀ ਸਿੱਖਣਾ ਸੀ, ਬਲਕਿ ਉਹ ਹੋਰ ਕ੍ਰੋਧਿਤ ਹੋ ਗਏ। ਇਸ ਬੇਇੱਜ਼ਤੀ ਦੇ ਦਾਗ ਨੂੰ ਮਿਟਾਉਣ ਲਈ ਉਨ੍ਹਾਂ ਨੇ ਹੁਣ ਹੋਰ ਵੱਡੇ ਪੈਮਾਨੇ 'ਤੇ ਦੂਜੇ ਹਮਲੇ ਦੀ ਤਿਆਰੀ ਦ੍ਰਿੜ੍ਹ ਇਰਾਦੇ ਨਾਲ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ 3000 ਤੋਂ ਵੱਧ ਯੋਧਿਆਂ ਦੀ ਇੱਕ ਫੌਜ ਤਿਆਰ ਕੀਤੀ ਅਤੇ ਬਦਲੇ ਦੀ ਭਾਵਨਾ ਨਾਲ ਪਾਗਲ ਹੋ ਕੇ ਅਬੂ ਸੂਫਯਾਨ ਦੀ ਅਗਵਾਈ ਵਿੱਚ ਮਦੀਨਾ ਵੱਲ ਚੱਲ ਪਏ।

ਦੂਜੇ ਪਾਸੇ ਪੈਗੰਬਰ ਦੇ ਆਦਮੀਆਂ ਦੀ ਗਿਣਤੀ ਸਿਰਫ 700 ਸੀ। ਪਰ ਈਸ਼ਵਰ ਦਾ ਸਾਥ ਹੋਣ ਕਾਰਣ ਮੁਸਲਮਾਨਾਂ ਨੇ ਹਮਲੇ ’ਤੇ ਸਫਲਤਾਪੂਰਵਕ ਨਿਅੰਤਰਣ ਪਾ ਲਿਆ। ਕੁਰੈਸ਼ ਵੱਡੀ ਮਾਤਰਾ ਵਿੱਚ ਲੁੱਟ ਦਾ ਮਾਲ ਛੱਡ ਕੇ ਪਿੱਛੇ ਹਟਣ ਲੱਗੇ। ਮੁਸਲਮਾਨਾਂ ਲਈ ਜਿੱਤ ਬਹੁਤ ਨਜ਼ਦੀਕ ਸੀ, ਪਰ ਉਹਨਾਂ ਦੀ ਇੱਕ ਭੁੱਲ ਨੇ ਮੱਕਾ ਵਾਸੀਆਂ (ਕੁਰੈਸ਼ਾਂ) ਨੂੰ ਜਵਾਬੀ ਹਮਲਾ ਕਰਨ ਦਾ ਮੌਕਾ ਦੇ ਦਿੱਤਾ ਅਤੇ ਜਿੱਤ ਹਾਰ ਵਿੱਚ ਬਦਲ ਗਈ।

ਕੁਰੈਸ਼ ਦੇ 14 ਆਦਮੀ ਮਾਰੇ ਗਏ ਜਦਕਿ ਮੁਸਲਮਾਨਾਂ ਦੇ 70। ਮਰਨ ਵਾਲਿਆਂ ਵਿੱਚ ਪੈਗੰਬਰ ਦੇ ਚਾਚਾ ‘ਹਮਜ਼ਾਹ’ ਵੀ ਸ਼ਾਮਲ ਸਨ। ਪੈਗੰਬਰ ਇਸ ਬਹਾਦਰ ਆਤਮਾ ਦੇ ਵਿਛੜਨ ’ਤੇ ਅਤਿ ਦੁਖੀ ਹੋਏ। ਡੂੰਘੇ ਦੁੱਖ ਸਹਿਤ ਸ਼ਹੀਦਾਂ ਨੂੰ ਦਫ਼ਨਾਇਆ ਗਿਆ ਅਤੇ ਮੁਸਲਮਾਨ ਮਦੀਨੇ ਵਾਪਸ ਆ ਗਏ।

## ਖਾਈ

ਦੁਸ਼ਮਣਾਂ ਅਤੇ ਪਾਖੰਡੀਆਂ ਨੇ ਇਸਲਾਮ ਦੇ ਸਾਰੇ ਵਿਰੋਧੀਆਂ ਨੂੰ ਇਕੱਠਾ ਕਰਨ ਲਈ ਸਾਜ਼ਿਸ਼ ਰਚੀ। ਜਿਸ ਸਦਕਾ ਉਹਨਾਂ ਨੇ 10,000 ਦੀ ਤਾਕਤਵਰ ਫ਼ੌਜ ਇਕੱਠੀ ਕਰਕੇ ਮਦੀਨੇ ਵੱਲ ਕੂਚ ਕੀਤਾ। ਦੂਜੇ ਪਾਸੇ ਮੁਸਲਮਾਨਾਂ ਦੀ ਗਿਣਤੀ ਸਿਰਫ਼ 3,000 ਸੀ। ਪਰ ਇਹਨਾਂ ਨੇ ਮੱਕੇ ਦੇ ਘੋੜਸਵਾਰਾਂ ਨੂੰ ਖਾਈ ਲਾਗੇ ਹੀ ਰੋਕ ਲਿਆ। ਹਾਲਾਂਕਿ, ਵਿਰੋਧੀਆਂ ਕੋਲ ਲੋੜੀਂਦੇ ਪ੍ਰਬੰਧ ਅਤੇ ਵਸਤੂਆਂ ਸਨ ਇਸਲਈ ਉਹਨਾਂ ਨੇ ਸ਼ਹਿਰ ਨੂੰ ਘੇਰਾ ਪਾਉਣ ਦਾ ਫੈਸਲਾ ਕੀਤਾ।

ਘੇਰਾਬੰਦੀ ਦੇ 27ਵੇਂ ਦਿਨ ਮਦੀਨੇ ਵਿਖੇ ਇੱਕ ਭਿਆਨਕ ਤੂਫ਼ਾਨ ਆ ਗਿਆ। ਤਿੰਨ ਦਿਨ ਅਤੇ ਰਾਤਾਂ ਤੱਕ ਤੂਫਾਨ ਲਗਾਤਾਰ ਜਾਰੀ ਰਿਹਾ, ਜਿਸ ਦੇ ਨਾਲ ਭਾਰੀ ਮੀਂਹ ਵੀ ਪੈਂਦਾ ਰਿਹਾ।

ਮੀਂਹ-ਹਨੇਰੀ ਕਾਰਨ ਸਾਰੇ ਟੈਂਟ ਉੱਡ ਗਏ ਅਤੇ ਭਾਰੀ ਨੁਕਸਾਨ ਹੋ ਗਿਆ। ਫ਼ੌਜ ਵਿਚ ਹੁਣ ਹੌਲੀ-ਹੌਲੀ ਸਬਰ ਘੱਟ ਤੇ ਮਤਭੇਦ ਵੱਧ ਰਿਹਾ ਸੀ। ਨਿਰਾਸ਼ ਹੋਏ ਕੁਰੈਸ਼ਾਂ ਨੇ ਘੇਰਾਬੰਦੀ ਛੱਡ ਦਿੱਤੀ।

# ਅਮਨ ਸੰਧੀ ਅਤੇ ਇਸਲਾਮ ਦਾ ਪ੍ਰਸਾਰ

## ਅਮਨ ਸੰਧੀ

ਪੈਗੰਬਰ ਨੇ ਮਹਿਸੂਸ ਕੀਤਾ ਕਿ ਯੁੱਧ ਮਸਲੇ ਦਾ ਹੱਲ ਨਹੀਂ ਹੈ। ਇਸ ਕਰਕੇ ਉਸ ਨੇ ਦੂਜੀ ਰਣਨੀਤੀ ਅਪਣਾਈ। ਇੱਕ ਸੁਪਨੇ ਤੋਂ ਮਿਲੀ ਸੇਧ ਸਦਕਾ ਉਹ 1400 ਸਾਥੀਆਂ ਦੇ ਨਾਲ ਉਮਰਾਹ ਕਰਨ ਲਈ ਮੱਕਾ ਵਲ ਰਵਾਨਾ ਹੋਇਆ। ਉਸਨੇ ਮੱਕਾ ਤੋਂ ਥੋੜ੍ਹੀ ਦੂਰੀ ’ਤੇ ਹੁਦੈਬੀਆ ਵਿਖੇ ਡੇਰਾ ਲਾਇਆ। ਇਹ ਪੂਰੀ ਤਰ੍ਹਾਂ ਸ਼ਾਂਤਮਈ ਯਾਤਰਾ ਸੀ। ਪਰ ਮੱਕਾ ਆਗੂਆਂ ਨੇ ਇਸ ਦਾ ਵਿਰੋਧ ਕੀਤਾ। ਆਗੂਆਂ ਨੇ ਇਸ ਗੱਲ ਵਿਚ ਆਪਣੀ ਬੇਇੱਜ਼ਤੀ ਮਹਿਸੂਸ ਕੀਤੀ ਕਿ ਜਿਨ੍ਹਾਂ ਲੋਕਾਂ ਨੂੰ ਉਨ੍ਹਾਂ ਨੇ ਮੱਕੇ ਤੋਂ ਕੱਢ ਦਿੱਤਾ ਸੀ, ਉਹ ਇੰਨੀ ਵੱਡੀ ਗਿਣਤੀ ਵਿੱਚ ਮੁੜ ਸ਼ਹਿਰ ਵਿੱਚ ਆ ਕੇ ਖੁੱਲ੍ਹੇ-ਆਮ ਉਮਰੇ (ਇਕ ਪ੍ਰਕਾਰ ਦਾ ਹੱਜ) ਦੇ ਹੱਕ ਨਿਭਾ ਰਹੇ ਹਨ।

ਹੁਣ ਪੈਗੰਬਰ ਹੁਦੈਬੀਆ ਵਿਖੇ ਰੁਕੇ ਅਤੇ ਮੱਕਾ ਆਗੂਆਂ ਨਾਲ ਅਮਨ-ਸ਼ਾਤੀ ਲਈ ਗੱਲਬਾਤ ਸ਼ੁਰੂ ਕਰ ਦਿੱਤੀ। ਕੁਰੈਸ਼ ਆਖਰਕਾਰ ਇੱਕ ਅਮਨ ਸੰਧੀ ’ਤੇ ਦਸਤਖਤ ਕਰਨ ਲਈ ਸਹਿਮਤ ਹੋ ਗਏ ਜਿਸ ਵਿੱਚ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਅਗਲੇ ਦਸ ਸਾਲਾਂ ਤੱਕ ਮੁਸਲਮਾਨਾਂ ਅਤੇ ਮੱਕਾ ਵਾਸੀਆਂ ਵਿਚਕਾਰ ਕੋਈ ਜੰਗ ਨਹੀਂ

ਹੋਵੇਗੀ। ਇਸ ਸੰਧੀ ਅਨੁਸਾਰ ਮੁਸਲਮਾਨਾਂ ਨੂੰ ਕਾਬਾ ਦਾ ਦੌਰਾ ਕੀਤੇ ਬਗੈਰ ਹੀ ਵਾਪਸ ਜਾਣਾ ਸੀ। ਉਨ੍ਹਾਂ ਨੇ ਅਗਲੇ ਸਾਲ ਦੁਬਾਰਾ ਆਉਣਾ ਸੀ ਅਤੇ ਮੱਕੇ ਵਿਖੇ ਸਿਰਫ਼ ਤਿੰਨ ਦਿਨ ਰਹਿਣਾ ਸੀ।

ਪੈਗੰਬਰ ਦੇ ਸਾਥੀ ਸੰਧੀ ਦੀਆਂ ਸ਼ਰਤਾਂ ਤੋਂ ਬਹੁਤ ਨਾਰਾਜ਼ ਸਨ, ਉਨ੍ਹਾਂ ਨੂੰ ਅਜਿਹਾ ਲੱਗਦਾ ਸੀ ਕਿ ਮੱਕਾ ਵਾਸੀ ਸ਼੍ਰੇਸ਼ਠ ਸਨ ਪਰ ਹੁਣ ਉਨ੍ਹਾਂ ਨੂੰ ਗੌਣ ਬਣਾ ਦਿੱਤਾ ਗਿਆ ਸੀ। ਪਰ ਰੱਬ ਨੇ ਕੁਰਾਨ ਵਿਚ ਐਲਾਨ ਕੀਤਾ ਹੈ ਕਿ ਇਹ ਵਿਸ਼ਵਾਸੀਆਂ ਲਈ 'ਸਪੱਸ਼ਟ ਜਿੱਤ' ਸੀ। ਭਵਿੱਖ ਦੀਆਂ ਘਟਨਾਵਾਂ ਇਹ ਦਰਸਾਉਣਗੀਆਂ ਕਿ ਕਿਵੇਂ ਹੁਦੈਬੀਆ ਦੀ ਸੰਧੀ ਪੂਰੇ ਅਰਬ ਵਿੱਚ ਇਸਲਾਮ ਦੇ ਪ੍ਰਸਾਰ ਦਾ ਰਾਹ ਪੱਧਰਾ ਕਰੇਗੀ।

ਅਮਨ ਸੰਧੀ ਨੇ ਯੁੱਧ ਦੇ ਖ਼ਤਰੇ ਨੂੰ ਦੂਰ ਕਰ ਦਿੱਤਾ ਅਤੇ ਲੋਕ ਆਪਣੀ ਪਸੰਦ ਦੇ ਕਿਸੇ ਵੀ ਕਬੀਲੇ ਨਾਲ ਖੁੱਲ੍ਹ ਕੇ ਰਲਣ ਦੇ ਯੋਗ ਹੋ ਗਏ। ਇਸ ਨਾਲ ਗੈਰ-ਮੁਸਲਮਾਨਾਂ ਨੂੰ ਇਸਲਾਮ ਨੂੰ ਨੇੜਿਓਂ ਸਮਝਣ ਦਾ ਮੌਕਾ ਮਿਲਿਆ। ਸੁਤੰਤਰ ਗੱਲਬਾਤ ਦੇ ਇਸ ਦੌਰ ਦੌਰਾਨ ਇਸਲਾਮ ਆਮ ਚਰਚਾ ਦਾ ਵਿਸ਼ਾ ਬਣ ਗਿਆ। ਇਸਲਾਮ ਵਿਚ ਰਲਣ ਦਾ ਸੱਦਾ ਤੇਜ਼ੀ ਨਾਲ ਫੈਲਿਆ। ਇਸਲਾਮ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਅਰਬੀ ਲੋਕ ਵੱਡੀ ਗਿਣਤੀ ਵਿਚ ਇਸ ਵਿਚ ਦਾਖਲ ਹੋਣ ਲੱਗੇ। ਅਗਲੇ ਦੋ ਸਾਲਾਂ ਵਿੱਚ ਮੁਸਲਮਾਨਾਂ ਦੀ ਗਿਣਤੀ ਬਹੁਤ ਵੱਧ ਗਈ।

## ਪੈਗੰਬਰ ਦਾ ਮਿਸ਼ਨ – ਦਾਵਾਹ (ਲੋਕਾਂ ਨੂੰ ਇਸਲਾਮ ਵਿਚ ਸ਼ਾਮਲ ਹੋਣ ਦਾ ਸੱਦਾ ਦੇਣਾ)

ਪੈਗੰਬਰ ਮੁਹੰਮਦ ਨੇ ਪਹਿਲਾਂ ਗੁਪਤ ਰੂਪ ਵਿੱਚ ਇਸਲਾਮ ਦਾ ਪ੍ਰਚਾਰ ਕਰਨਾ ਆਰੰਭ ਕੀਤਾ। ਪਰਿਣਾਮਸਰੂਪ ਸਭ ਤੋਂ ਪਹਿਲਾਂ ਉਸਦੇ ਆਪਣੇ ਪਰਿਵਾਰਕ ਮੈਂਬਰਾਂ ਨੇ ਇਸਲਾਮ ਕਬੂਲ ਕੀਤਾ ਅਤੇ ਪਰਿਵਾਰ

ਤੋਂ ਬਾਹਰ ਇਸਲਾਮ ਕਬੂਲ ਕਰਨ ਵਾਲਾ ਪਹਿਲਾ ਵਿਅਕਤੀ ਅਬੂ ਬਕਰ ਸਿੱਦੀਕ ਸੀ। ਉਸਨੇ ਇਸਲਾਮ ਕਬੂਲ ਕਰਨ ਉਪਰੰਤ ਆਪਣੇ ਦੋਸਤਾਂ ਨੂੰ ਵੀ ਰੱਬ ਅਤੇ ਇਸਲਾਮ ਵਲ ਪ੍ਰੇਰਿਤ ਕਰਨ ਦਾ ਕਾਰਜ ਕੀਤਾ, ਜਿਸ ਸਦਕਾ ਦੋ ਦੋਸਤਾਂ— ਉਸਮਾਨ ਅਤੇ ਅਬਦੁਰ ਰਹਿਮਾਨ ਬਿਨ ਔਫ ਨੇ ਵੀ ਇਸਲਾਮ ਕਬੂਲ ਕਰ ਲਿਆ।

ਪੈਗੰਬਰ ਮੁਹੰਮਦ ਮੱਕਾ ਵਾਸੀਆਂ ਦੇ ਘਰ-ਘਰ ਜਾ ਕੇ ਕੁਰਾਨ ਦੀਆਂ ਆਇਤਾਂ ਸੁਣਾ ਕੇ ਉਨ੍ਹਾਂ ਨੂੰ ਇਸਲਾਮ ’ਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਦੇ ਸਨ। ਉਮਰ ਦੇ ਦੱਸਣ ਮੁਤਾਬਿਕ ਪੈਗੰਬਰ ਕਈ ਮੌਕਿਆਂ ’ਤੇ ਉਨ੍ਹਾਂ ਨੂੰ ਇਸਲਾਮ ਵਿਚ ਸ਼ਾਮਿਲ ਹੋਣ ਦਾ ਸੱਦਾ ਦੇਣ ਆਉਂਦੇ ਸਨ। ਪੈਗੰਬਰ ਮੁਹੰਮਦ ਕਾਬਾ ਵਿਖੇ ਇਕੱਠੇ ਹੋਏ ਸ਼ਰਧਾਲੂਆਂ ਨੂੰ ਵੀ ਸੰਬੋਧਤ ਹੁੰਦੇ ਕਿਉਂਕਿ ਕਾਬਾ ਇਕ ਤੀਰਥ ਸਥਾਨ ਸੀ ਅਤੇ ਇਸ ਥਾਂ ’ਤੇ ਮੱਕਾ ਦੇ ਨਾਲ-ਨਾਲ ਅਰਬ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਮੂਰਤੀ ਪੂਜਾ ਲਈ ਆਉਂਦੇ ਸਨ। ਪੈਗੰਬਰ ਉਨ੍ਹਾਂ ਨੂੰ ਕੁਰਾਨ ਦੀਆਂ ਆਇਤਾਂ ਦੀ ਵਿਆਖਿਆ ਰਾਹੀਂ ਰੱਬ ਦੀ ਸ਼ਕਤੀ ਅਤੇ ਮੂਰਤੀਆਂ ਦੀ ਸ਼ਕਤੀਹੀਣਤਾ ਬਾਰੇ ਡੂੰਘਾਈ ਨਾਲ ਦੱਸਦੇ। ਪੈਗੰਬਰ ਨੂੰ ਇਹ ਅਧਿਆਤਮਕ ਕਾਰਜ ਕਰਨ ਲਈ ਮਖੌਲ, ਗੁੱਸੇ ਅਤੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ। ਲੋਕਾਂ ਦਾ ਕਹਿਣਾ ਸੀ ਕਿ ਉਹ ਮਾਨਸਿਕ ਤੌਰ ’ਤੇ ਅਸਥਿਰ ਸੀ ਪਰ ਫਿਰ ਵੀ ਇਕ ਰਹੱਸਮਈ ਪ੍ਰਭਾਵ ਪਾਉਂਦਾ ਸੀ। ਉਨ੍ਹਾਂ ਲੋਕਾਂ ਨੇ ਇਸਲਾਮ ਦਾ ਪ੍ਰਚਾਰ ਬੰਦ ਕਰਨ ਲਈ ਪੈਗੰਬਰ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਵੀ ਕੀਤੀ।

ਵਿਰੋਧੀ ਧਿਰ ਹੋਰ ਕਠੋਰ ਤੇ ਬੇਕਾਬੂ ਹੋ ਗਈ। ਇੱਥੋਂ ਤੱਕ ਕਿ ਪੈਗੰਬਰ ਨੂੰ ਪਾਲਣ ਅਤੇ ਉਸਦੀ ਰੱਖਿਆ ਕਰਨ ਵਾਲੇ ਚਾਚਾ ਅਬੂ ਤਾਲਿਬ ਨੇ ਵੀ ਉਸਨੂੰ ਇਸਲਾਮ ਤਿਆਗਣ ਦੀ ਬੇਨਤੀ ਕੀਤੀ। ਪੈਗੰਬਰ ਮੁਹੰਮਦ ਨੇ ਜਵਾਬ ਦਿੱਤਾ ਕਿ ਜੇਕਰ ਇਸਲਾਮ ਦੇ ਵਿਰੋਧੀ

ਉਸ ਦੇ ਸੱਜੇ ਹੱਥ ਵਿੱਚ ਸੂਰਜ ਅਤੇ ਖੱਬੇ ਹੱਥ ਵਿੱਚ ਚੰਦਰਮਾ ਵੀ ਲਿਆ ਕੇ ਰੱਖ ਦੇਣ, ਉਹ ਤਾਂ ਵੀ ਇਸਲਾਮ ਦਾ ਪ੍ਰਚਾਰ ਕਰਨਾ ਬੰਦ ਨਹੀਂ ਕਰੇਗਾ।

## ਰਾਜਿਆਂ ਨੂੰ ਪੈਗੰਬਰ ਦੇ ਪੱਤਰ

ਪੈਗੰਬਰ ਮੁਹੰਮਦ ਨੇ ਪੱਤਰ ਭੇਜ ਕੇ ਗੁਆਂਢੀ ਰਾਜਿਆਂ ਅਤੇ ਉਨ੍ਹਾਂ ਦੀ ਪ੍ਰਜਾ ਨੂੰ ਇਸਲਾਮ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਜਿਨ੍ਹਾਂ ਸ਼ਾਸਕਾਂ ਨੂੰ ਇਹ ਪੱਤਰ ਭੇਜੇ ਗਏ ਉਨ੍ਹਾਂ ਵਿੱਚ ਬਾਏਜ਼ੰਟਾਈਨ (ਯੂਨਾਨੀ) ਸਾਮਰਾਜ ਦਾ ਹਰਕੁਲੀਅਸ; ਅਬੀਸੀਨੀਆ ਦਾ ਸ਼ਾਸਕ ਨੇਗਸ; ਮਿਸਰ ਦਾ ਬਾਦਸ਼ਾਹ ਮਕੂਕਾਸ ਅਤੇ ਬਹਿਰੀਨ ਦਾ ਸ਼ਾਸਕ ਅਲ ਮੁਧੀਰ ਬਿਨ ਸਵਾ ਸ਼ਾਮਿਲ ਸਨ। ਇਨ੍ਹਾਂ ਪੱਤਰਾਂ ਨੂੰ ਰਾਜਿਆਂ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਕੁਝ ਚੁਣੇ ਹੋਏ ਵਿਸ਼ਵਾਸੀ ਪਾਤਰਾਂ ਨੂੰ ਸੌਂਪੀ ਗਈ ਸੀ। ਪੈਗੰਬਰ ਮੁਹੰਮਦ ਕੋਲ ਚਾਂਦੀ ਦੀ ਬਣੀ ਇੱਕ ਮੁੰਦਰੀ ਸੀ ਜਿਸ ਉੱਤੇ “ਮੁਹੰਮਦ ਰੱਬ ਦਾ ਦੂਤ” ਉਕਰਿਆ ਹੋਇਆ ਸੀ। ਪੈਗੰਬਰ ਆਪਣੇ ਪੱਤਰਾਂ ਨੂੰ ਇਸ ਮੁੰਦਰੀ ਰਾਹੀਂ ਸੀਲ ਕਰਦਾ ਸੀ। ਇਹ ਸੰਖਿਪਤ ਅਤੇ ਸਰਲ ਪੱਤਰ ਇਸਲਾਮ ਦਾ ਮੂਲ ਸੰਦੇਸ਼ ਦਿੰਦੇ ਹਨ। ਹੇਠਾਂ ਉਹਨਾਂ ’ਚੋਂ ਇਕ ਪੱਤਰ ਦਾ ਨਮੂਨਾ ਦਿੱਤਾ ਹੈ ਜਿਹੜਾ ਪੈਗੰਬਰ ਨੇ ਫਾਰਸ (ਈਰਾਨ) ਦੇ ਰਾਜੇ ਖੁਸਰੂ ਪਰਵੇਜ਼ (ਰਾਜਾ ਚੋਸਰੋਸ ਵਜੋਂ ਵੀ ਜਾਣੇ ਜਾਂਦੇ ਹਨ) ਨੂੰ ਲਿਖਿਆ ਸੀ:

> “ਈਸ਼ਵਰ ਦੇ ਨਾਮ ’ਤੇ ਜੋ ਦਿਆਲੂ, ਕਿਰਪਾਲੂ ਹੈ। ਰੱਬ ਦੇ ਦੂਤ ਮੁਹੰਮਦ ਵਲੋਂ ਫਾਰਸ ਦੇ ਰਾਜਾ ਖੁਸਰੂ ਲਈ। ਉਸ ਇਨਸਾਨ ਨੂੰ ਅਮਨ ਮਿਲੇਗਾ ਜੋ ਇਲਾਹੀ ਮਾਰਗਦਰਸ਼ਨ ਦੀ ਪਾਲਣਾ ਕਰਦਾ ਹੈ, ਅੱਲ੍ਹਾ ਤੇ ਉਸਦੇ ਦੂਤ ਵਿੱਚ ਵਿਸ਼ਵਾਸ ਕਰਦਾ ਹੈ ਅਤੇ ਇਹ ਐਲਾਨ ਕਰਦਾ ਹੈ ਕਿ ਈਸ਼ਵਰ ਤੋਂ ਬਿਨਾਂ ਹੋਰ ਕੋਈ ਦੇਵਤਾ ਨਹੀਂ ਹੈ, ਈਸ਼ਵਰ ਇਕ

ਹੈ, ਜਿਸਦਾ ਕੋਈ ਭਾਈਵਾਲ ਨਹੀਂ ਅਤੇ ਮੁਹੰਮਦ ਉਸਦਾ ਸੇਵਕ ਤੇ ਦੂਤ ਹੈ। ਮੈਂ ਤੁਹਾਨੂੰ ਈਸ਼ਵਰੀਯ ਸੰਦੇਸ਼ ਦੱਸਣਾ ਚਾਹੁੰਦਾ ਹਾਂ, ਕਿਉਂਕਿ ਮੈਂ ਦੂਤ ਹਾਂ ਜਿਸਨੂੰ ਈਸ਼ਵਰ ਨੇ ਸਾਰੀ ਮਨੁੱਖਜਾਤੀ ਲਈ ਭੇਜਿਆ ਹੈ, ਮੈਂ ਸਮੁੱਚੀ ਲੋਕਾਈ ਲਈ ਚੇਤਾਵਨੀ ਲੈ ਕੇ ਆਇਆ ਹਾਂ ਕਿ ਜੋ ਲੋਕ ਸੱਚਾਈ ਤੋਂ ਮੂੰਹ ਮੋੜਨਗੇ ਉਹਨਾਂ ’ਤੇ ਕਹਿਰ ਬਰਸੇਗਾ। ਜੇ ਤੁਸੀਂ ਰੱਬ ਅੱਗੇ ਆਤਮ-ਸਮਰਪਣ ਕਰਕੇ ਇਸਲਾਮ ਕਬੂਲ ਕਰ ਲੈਂਦੇ ਹੋ ਤਾਂ ਤੁਹਾਡੀ ਸੁਰੱਖਿਆ ਈਸ਼ਵਰ ਆਪ ਕਰੇਗਾ। ਪਰ ਜੇ ਤੁਸੀਂ ਇਸਲਾਮ ਤੋਂ ਇਨਕਾਰੀ ਹੁੰਦੇ ਹੋ ਤਾਂ ਮੈਗੀ ਵਾਸੀਆਂ (ਭਾਵ ਤੁਹਾਡੇ ਲੋਕਾਂ) ਲਈ ਜ਼ਿੰਮੇਵਾਰ ਤੁਸੀਂ ਆਪ ਹੋਵੋਗੇ।”

ਅਬੀਸੀਨੀਆ ਦੇ ਸ਼ਾਸਕ ਨੇਗਸ ਵਰਗੇ ਕੁਝ ਸ਼ਾਸਕਾਂ ਨੇ ਇਸਲਾਮ ਕਬੂਲ ਕੀਤਾ, ਜਦੋਂ ਕਿ ਹੋਰਨਾਂ ਨੇ ਇਸਲਾਮ ਪ੍ਰਤੀ ਅਸਵਿਕਾਰਿਤਾ ਪ੍ਰਗਟ ਕੀਤੀ, ਪਰ ਫਿਰ ਵੀ ਉਨ੍ਹਾਂ ਨੇ ਪਿਆਰ ਨਾਲ ਪੱਤਰਾਂ ਨੂੰ ਸਵੀਕਾਰ ਕੀਤਾ ਅਤੇ ਪੈਗੰਬਰ ਨੂੰ ਤੋਹਫ਼ੇ ਭੇਜੇ। ਸਿਰਫ਼ ਈਰਾਨ ਦੇ ਬਾਦਸ਼ਾਹ ਖੁਸਰੂ ਪਰਵੇਜ਼ ਨੇ ਹੰਕਾਰ ਵਿੱਚ ਆ ਕੇ ਪੈਗੰਬਰ ਦੇ ਪੱਤਰ ਨੂੰ ਪਾੜ ਸੁੱਟਿਆ। ਉਸ ਨੇ ਪੈਗੰਬਰ ਦੇ ਪੱਤਰ ਨੂੰ ਸਵੀਕਾਰ ਕਰਨਾ ਆਪਣੀ ਸ਼ਾਨ ਤੋਂ ਹੇਠਾਂ ਸਮਝਿਆ। ਜਦੋਂ ਪੈਗੰਬਰ ਨੂੰ ਇਹ ਖ਼ਬਰ ਮਿਲੀ ਤਾਂ ਉਸਨੇ ਕਿਹਾ: “ਫ਼ਾਰਸ ਦੇ ਬਾਦਸ਼ਾਹ ਨੇ ਪੱਤਰ ਦੇ ਨਹੀਂ ਆਪਣੇ ਰਾਜ ਦੇ ਟੁਕੜੇ ਕੀਤੇ ਹਨ।” ਇਹ ਭਵਿੱਖਬਾਣੀ ਖਲੀਫ਼ਾ ਉਮਰ ਦੇ ਸ਼ਾਸਨਕਾਲ ਦੌਰਾਨ ਪੂਰੀ ਹੋਈ, ਜਦੋਂ ਈਰਾਨ ਮੁਸਲਿਮ ਰਾਜ ਅਧੀਨ ਆਇਆ।

ਫਾਰਸ ਦੇ ਰਾਜੇ ਨੇ ਯਮਨ ਦੇ ਗਵਰਨਰ ਨੂੰ ਪੈਗੰਬਰ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਵੀ ਦਿੱਤਾ। ਜਦੋਂ ਰਾਜੇ ਦਾ ਸਿਪਾਹੀ ਮਦੀਨਾ ਪਹੁੰਚਿਆ ਤਾਂ ਪੈਗੰਬਰ ਨੇ ਉਸਨੂੰ ਇਹ ਦੱਸ ਕੇ ਹੈਰਾਨ ਕਰ ਦਿੱਤਾ

ਕਿ ਤੇਰਾ ਰਾਜਾ ਖੁਸਰੂ ਪਰਵੇਜ਼ ਤੇਰੇ ਇੱਥੇ ਪਹੁੰਚਣ ਤੋਂ ਪਿਛਲੀ ਰਾਤ ਹੀ ਮਾਰਿਆ ਗਿਆ ਹੈ ਤੇ ਮਾਰਨ ਵਾਲਾ ਉਸਦਾ ਆਪਣਾ ਹੀ ਪੁੱਤਰ ਹੈ। ਪੈਗੰਬਰ ਨੂੰ ਇਹ ਸੂਚਨਾ ਈਸ਼ਵਰ ਤੋਂ ਪ੍ਰਾਪਤ ਹੋਈ ਹੈ।

## ਮੱਕਾ ਦੀ ਜਿੱਤ

ਹੁਦੈਬੀਆ ਨਾਲ ਸੰਧੀ ਕਰਨ ਤੋਂ ਦੋ ਸਾਲ ਬਾਅਦ ਕੁਰੈਸ਼ੀਆਂ ਨੇ ਸੰਧੀ ਦੀ ਉਲੰਘਣਾ ਕੀਤੀ। ਇਹ ਦੇਖ ਪੈਗੰਬਰ ਨੇ ਘੋਸ਼ਣਾ ਕੀਤੀ ਕਿ ਸ਼ਾਂਤੀ ਸਮਝੌਤਾ ਰੱਦ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਰਮਜ਼ਾਨ ਦੀ 10 ਤਰੀਕ ਨੂੰ ਉਹ 10,000 ਸਾਥੀਆਂ ਨਾਲ ਮੱਕਾ ਲਈ ਰਵਾਨਾ ਹੋਏ। ਇਹ ਮਾਰਚ ਪੂਰੀ ਗੁਪਤਤਾ ਨਾਲ ਕੱਢਿਆ ਗਿਆ। ਜਦੋਂ ਮੱਕਾ ਤੋਂ ਕੁਝ ਮੀਲ ਦੂਰ ਡੇਰਾ ਲਾਇਆ ਤਾਂ ਹੀ ਮੱਕਾ ਵਾਸੀਆਂ ਨੂੰ ਪੈਗੰਬਰ ਦੇ ਆਉਣ ਦਾ ਪਤਾ ਲੱਗਾ। ਮੱਕਾ ਵਾਸੀ ਇਸ ਵਰਤਾਰੇ ਤੋਂ ਪੂਰੀ ਤਰ੍ਹਾਂ ਹੈਰਾਨ ਸਨ। 10,000 ਦੀ ਵੱਡੀ ਤਾਕਤ ਦੇ ਸਾਹਮਣੇ ਮੱਕਾ ਵਾਸੀਆਂ ਨੇ ਆਪਣੇ ਆਪ ਨੂੰ ਬਿਲਕੁਲ ਬੇਵੱਸ ਪਾਇਆ। ਇਕ ਪਾਸੇ ਪੈਗੰਬਰ ਦੁਆਰਾ ਮੁਸਲਮਾਨਾਂ ਨੂੰ ਖ਼ੂਨ ਨਾ ਵਹਾਉਣ ਦੇ ਸਖ਼ਤ ਹੁਕਮ ਸਨ ਤੇ ਦੂਜੇ ਪਾਸੇ ਮੱਕਾ ਵਾਸੀਆਂ ਨੂੰ ਕਿਹਾ ਗਿਆ ਸੀ ਕਿ ਜੇਕਰ ਉਹ ਘਰ ਦੇ ਅੰਦਰ ਰਹਿਣ ਜਾਂ ਕਾਬਾ ਤੇ ਅਬੂ ਸੂਫਯਾਨ ਦੇ ਘਰ ਵਿੱਚ ਪਨਾਹ ਲੈ ਲੈਣ ਤਾਂ ਸੁਰੱਖਿਅਤ ਰਹਿਣਗੇ। ਇਸ ਤਰ੍ਹਾਂ ਬਿਨਾਂ ਕਿਸੇ ਯੁੱਧ-ਝੜਪ ਦੇ ਪੈਗੰਬਰ ਦੁਆਰਾ ਮੱਕਾ ਆਪਣੇ ਅਧੀਨ ਕਰ ਲਿਆ ਗਿਆ।

ਮੱਕੇ 'ਤੇ ਜਿੱਤ ਪਾਉਣ ਉਪਰੰਤ ਕਾਬਾ ਨੂੰ ਉਨ੍ਹਾਂ ਸਾਰੀਆਂ ਮੂਰਤੀਆਂ ਤੋਂ ਮੁਕਤ ਕਰ ਦਿੱਤਾ ਗਿਆ ਜੋ ਬਹੁਤ ਲੰਮੇ ਸਮੇਂ ਤੋਂ ਇਸ ਵਿੱਚ ਰੱਖੀਆਂ ਹੋਈਆਂ ਸਨ। ਫਿਰ ਪੈਗੰਬਰ ਦਾ ਨੀਗਰੋ ਸਾਥੀ ਬਿਲਾਲ ਕਾਬਾ ਦੀ ਛੱਤ 'ਤੇ ਚੜ੍ਹ ਗਿਆ ਅਤੇ ਪ੍ਰਾਰਥਨਾ (ਅਜ਼ਾਨ) ਦੀ ਆਵਾਜ਼ ਦਿੱਤੀ। ਫਿਰ ਸਾਥੀਆਂ ਨੇ ਪੈਗੰਬਰ ਦੀ ਅਗਵਾਈ ਵਿਚ ਸ਼ੁਕਰਾਨਾ ਕੀਤਾ।

## ਸਾਰਿਆਂ ਲਈ ਮੁਆਫ਼ੀ

ਪੈਗੰਬਰ ਦੁਆਰਾ ਮੱਕੇ 'ਤੇ ਜਿੱਤ ਪਾਉਣ ਤੋਂ ਬਾਅਦ ਮੱਕਾ ਆਗੂ ਕਾਬੇ ਵਿੱਚ ਇਕੱਠੇ ਹੋਏ। ਕੋਈ ਦੋਰਾਹ ਨਹੀਂ ਕਿ ਉਹ ਸਾਰੇ ਆਗੂ ਬਹੁਤ ਸੰਗੀਨ ਅਪਰਾਧੀ ਸਨ। ਇਸ ਲਈ ਜੇਕਰ ਉਨ੍ਹਾਂ ਸਾਰਿਆਂ ਨੂੰ ਸਜ਼ਾ-ਏ-ਮੌਤ ਵੀ ਦਿੱਤੀ ਜਾਂਦੀ ਤਾਂ ਉਹ ਪੂਰੀ ਤਰ੍ਹਾਂ ਜਾਇਜ਼ ਹੋਣੀ ਸੀ। ਪਰ ਨੇਕ ਤੇ ਦਿਆਲੂ ਪੈਗੰਬਰ ਨੇ ਉਹਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਬਲਕਿ ਸਾਰਿਆਂ ਲਈ ਮੁਆਫ਼ੀ ਦਾ ਐਲਾਨ ਕਰਦੇ ਹੋਏ ਕਿਹਾ: "ਜਾਓ, ਤੁਸੀਂ ਸਾਰੇ ਆਜ਼ਾਦ ਹੋ।"

ਮੱਕਾ ਵਾਸੀਆਂ ਨੂੰ ਆਪਣੇ ਕੰਨਾਂ 'ਤੇ ਯਕੀਨ ਨਹੀਂ ਸੀ ਹੋ ਰਿਹਾ। ਗੋਡੇ ਟੇਕ ਚੁੱਕੀ ਵਿਰੋਧੀ ਧਿਰ ਨਾਲ ਕੀਤੇ ਗਏ ਇਸ ਉਦਾਰ ਸਲੂਕ ਨੇ ਇਸਲਾਮ ਦੇ ਸਭ ਤੋਂ ਕੱਟੜ ਵਿਰੋਧੀਆਂ ਸਮੇਤ ਸਭਨਾਂ ਦੇ ਦਿਲ ਜਿੱਤ ਲਏ। ਪੈਗੰਬਰ ਦੀ ਇਸ ਨਿਮਰਤਾ ਤੇ ਦਿਆਨਤਦਾਰੀ ਸਾਹਮਣੇ ਵਿਰੋਧੀਆਂ ਕੋਲ ਇਸਲਾਮ ਧਾਰਨ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਸਾਰੇ ਮੱਕਾ ਵਾਸੀਆਂ ਨੇ ਆਤਮ-ਸਮਰਪਣ ਕਰ ਦਿੱਤਾ ਅਤੇ ਪੈਗੰਬਰ ਦੇ ਮਿਸ਼ਨ ਵਿੱਚ ਉਸਦੇ ਨਾਲ ਸ਼ਾਮਲ ਹੋ ਗਏ। ਉਸ ਸਮੇਂ ਵਿਰੋਧ ਦੀ ਭਾਵਨਾ ਬਿਲਕੁਲ ਅਲੋਪ ਹੋ ਗਏ।

ਮੱਕਾ ਵਾਸੀਆਂ ਦੁਆਰਾ ਇਸਲਾਮ ਕਬੂਲ ਕਰਨ ਨਾਲ ਅਰਬ ਦੇ ਸਾਰੇ ਕਬੀਲਿਆਂ ਲਈ ਇਸਲਾਮ ਕਬੂਲ ਕਰਨ ਦਾ ਰਾਹ ਪੱਧਰਾ ਹੋ ਗਿਆ। ਵੱਖ-ਵੱਖ ਅਰਬੀ ਕਬੀਲਿਆਂ ਦੇ ਨੁਮਾਇੰਦੇ ਪੈਗੰਬਰ ਮੁਹੰਮਦ ਦੇ ਹੱਥੋਂ ਇਸਲਾਮ ਕਬੂਲ ਕਰਨ ਲਈ ਮਦੀਨਾ ਆਏ।

## ਵਿਦਾਈ ਤੀਰਥ ਯਾਤਰਾ

ਅਰਬ ਵਿੱਚ ਇਸਲਾਮ ਦੀ ਸ਼ਕਤੀ ਨੂੰ ਮਜ਼ਬੂਤ ਕਰਨ ਤੋਂ ਬਾਅਦ ਪੈਗੰਬਰ ਆਪਣੀ ਵਿਦਾਇਗੀ ਤੀਰਥ ਯਾਤਰਾ 'ਹੱਜਤਉਲ ਵਾਦਾ'

ਕਰਨ ਲਈ ਰਵਾਨਾ ਹੋਏ। ਇਹ ਉਸਦੀ ਜ਼ਿੰਦਗੀ ਦਾ ਆਖਰੀ ਸਾਲ ਸੀ। ਉਹ ਮਦੀਨਾ ਦੇ ਮੁਸਲਮਾਨਾਂ ਨਾਲ ਮਦੀਨਾ ਤੋਂ ਮੱਕਾ ਵਲ ਤੁਰ ਪਏ। ਜਦੋਂ ਇਹ ਖ਼ਬਰ ਫੈਲ ਗਈ ਕਿ ਪੈਗੰਬਰ ਤੀਰਥ ਯਾਤਰਾ ਕਰਨ ਜਾ ਰਹੇ ਹਨ ਤਾਂ ਅਰਬ ਵਿੱਚ ਰਹਿੰਦੇ ਵੱਖ-ਵੱਖ ਕਬੀਲਿਆਂ ਨੇ ਮੱਕਾ ਵਿੱਚ ਆਉਣਾ ਸ਼ੁਰੂ ਕਰ ਦਿੱਤਾ। ਇਸ ਲਈ ਜਦੋਂ ਇਸਲਾਮ ਦੇ ਪੈਗੰਬਰ ਨੇ ਆਪਣੀ ਪਹਿਲੀ ਅਤੇ ਆਖਰੀ ਤੀਰਥ ਯਾਤਰਾ ਕੀਤੀ ਤਾਂ ਉਸ ਵਿਚ ਲਗਭਗ 125,000 ਮੁਸਲਮਾਨ ਸ਼ਾਮਲ ਹੋਏ। ਇਸ ਯਾਤਰਾ ਦੌਰਾਨ ਉਨ੍ਹਾਂ ਨੂੰ ਹੱਜ ਦੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਅੱਜ ਤੱਕ ਸਾਰੇ ਮੁਸਲਮਾਨ ਇਨ੍ਹਾਂ ਨਿਯਮਾਂ ਦਾ ਪਾਲਣ ਕਰਦੇ ਹਨ।

ਜਦੋਂ ਪੈਗੰਬਰ ਅਰਾਫਾਤ ਪਹਾੜ ’ਤੇ ਪਹੁੰਚੇ ਤਾਂ ਉਨ੍ਹਾਂ ਨੇ ਉਸ ਮੌਕੇ ’ਤੇ ਮੌਜੂਦ ਲੋਕਾਂ ਨੂੰ ਕੁਝ ਸਿੱਖਿਆਵਾਂ ਦਿੱਤੀਆਂ। ਇਹ ਸਿੱਖਿਆਵਾਂ “ਅੰਤਿਮ ਉਪਦੇਸ਼” ਦੇ ਰੂਪ ਵਿੱਚ ਸੁਰੱਖਿਅਤ ਹਨ।

ਅਰਾਫਾਤ ਦੇ ਉਪਦੇਸ਼ ਦੇ ਦੌਰਾਨ ਕੁਰਾਨ ਦਾ ਅੰਤਮ ਹਿੱਸਾ ਸਾਹਮਣੇ ਆਇਆ:

> “ਅੱਜ ਮੈਂ ਤੁਹਾਡੇ ਲਈ ਤੁਹਾਡਾ ਧਰਮ ਮੁਕੰਮਲ ਕਰ ਦਿੱਤਾ ਹੈ ਅਤੇ ਮੇਰੀਆਂ ਅਸੀਸਾਂ ਸਦਾ ਤੁਹਾਡੇ ਨਾਲ ਹਨ। ਮੈਂ ਇਕ ਧਰਮ ਵਜੋਂ ਤੁਹਾਡੇ ਲਈ ਇਸਲਾਮ ਨੂੰ ਚੁਣਿਆ ਹੈ।” (ਅਲ ਮੈਦਾਹ, 5:3)

ਇਹ ਉਨ੍ਹਾਂ ਦੀ ਆਖਰੀ ਯਾਤਰਾ ਸਾਬਤ ਹੋਈ, ਇਸ ਲਈ ਇਸ ਨੂੰ “ਵਿਦਾਈ ਤੀਰਥ ਯਾਤਰਾ” ਕਿਹਾ ਜਾਣ ਲੱਗਾ। ਮਦੀਨਾ ਪਰਤਣ ਤੋਂ ਸਿਰਫ਼ ਤਿੰਨ ਮਹੀਨੇ ਬਾਅਦ ਪੈਗੰਬਰ ਮੁਹੰਮਦ ਬਹੁਤ ਬੀਮਾਰ ਹੋ ਗਏ ਅਤੇ ਆਪਣੀਆਂ ਬਾਕੀ ਪਤਨੀਆਂ ਦੀ ਸਹਿਮਤੀ ਨਾਲ ਆਇਸ਼ਾ ਦੇ ਘਰ ਰਹੇ। ਪੈਗੰਬਰ ਨੂੰ ਬੁਖਾਰ ਅਤੇ ਸਿਰ ਦਰਦ ਸੀ।

ਉਹ ਲਗਭਗ ਦੋ ਹਫ਼ਤਿਆਂ ਤੱਕ ਬਿਮਾਰ ਰਿਹਾ ਅਤੇ 12 ਰਬੀਉਲ ਅੱਵਲ, 632 ਈਸਵੀ ਨੂੰ ਉਸਨੇ ਆਖਰੀ ਸਾਹ ਲਿਆ। ਉਹਨੇ ਉਦੋਂ ਤਕ ਨਮਾਜ਼ ਪੜ੍ਹਨਾ ਜਾਰੀ ਰੱਖਿਆ ਜਦੋਂ ਤੱਕ ਉਹ ਮਸਜਿਦ ਜਾਣ ਲਈ ਅਸਮਰੱਥ ਨਹੀਂ ਹੋ ਗਏ। ਪਰ ਆਪਣੀ ਮੌਤ ਤੋਂ ਪਹਿਲਾਂ, ਉਸਨੇ ਪੈਗੰਬਰ ਦੀ ਮਸਜਿਦ ਵਿੱਚ ਆਪਣੀ ਆਖਰੀ ਨਮਾਜ਼ ਅਦਾ ਕੀਤੀ ਅਤੇ ਆਪਣੇ ਸਭ ਤੋਂ ਨਜ਼ਦੀਕੀ ਸਾਥੀ ਅਬੂ ਬਕਰ ਨੂੰ ਇਸ ਨਮਾਜ਼ ਦਾ ਇਮਾਮ ਬਣਾਇਆ।

ਪੈਗੰਬਰ ਦੀ ਮੌਤ ਮਸਜਿਦ ਦੇ ਨਾਲ ਦੇ ਕਮਰੇ ਵਿੱਚ ਹੋਈ। ਉਸ ਨੂੰ ਉਸੇ ਸਥਾਨ ’ਤੇ ਦਫ਼ਨਾਇਆ ਗਿਆ ਸੀ। ਬਾਅਦ ਵਿੱਚ ਜਦੋਂ ਅਬੂ ਬਕਰ ਅਤੇ ਉਮਰ ਦੀ ਮੌਤ ਹੋਈ ਤਾਂ ਉਨ੍ਹਾਂ ਨੂੰ ਵੀ ਪੈਗੰਬਰ ਦੇ ਸੱਜੇ ਅਤੇ ਖੱਬੇ ਪਾਸੇ ਦਫ਼ਨਾਇਆ ਗਿਆ।

## ਪੈਗੰਬਰ ਦੇ ਦੇਹਾਂਤ ਉਪਰੰਤ ਇਸਲਾਮ ਦਾ ਪ੍ਰਸਾਰ

ਪੈਗੰਬਰ ਦੇ ਦੇਹਾਂਤ ਦੇ ਸਮੇਂ ਉਨ੍ਹਾਂ ਦੇ ਸਾਥੀਆਂ ਦੀ ਗਿਣਤੀ ਲਗਭਗ ਇੱਕ ਲੱਖ 25 ਹਜ਼ਾਰ ਸੀ। ਹਾਲਾਂਕਿ, ਇਹ ਧਿਆਨ ਦੇਣ ਯੋਗ ਹੈ ਕਿ ਜੇਕਰ ਤੁਸੀਂ ਮੱਕਾ ਅਤੇ ਮਦੀਨਾ ਜਾਓ ਤਾਂ ਤੁਹਾਨੂੰ ਉੱਥੇ ਕਬਰਾਂ ਬਹੁਤ ਘੱਟ ਹੀ ਮਿਲਣਗੀਆਂ। ਇਸ ਦਾ ਕਾਰਨ ਇਹ ਹੈ ਕਿ ਪੈਗੰਬਰ ਦੇ ਸਾਥੀ ਅਰਬ ਤੋਂ ਬਾਹਰ ਵੱਖ-ਵੱਖ ਦੇਸ਼ਾਂ ਵਿੱਚ ਫੈਲ ਗਏ। ਉਨ੍ਹਾਂ ਵਿਚੋਂ ਜ਼ਿਆਦਾਤਰ ਨੇ ਵੱਖ-ਵੱਖ ਏਸ਼ੀਆਈ ਅਤੇ ਅਫਰੀਕੀ ਦੇਸ਼ਾਂ ਵਿਚ ਆਖਰੀ ਸਾਹ ਲਏ, ਜਿੱਥੇ ਉਨ੍ਹਾਂ ਦੀਆਂ ਕਬਰਾਂ ਅਜੇ ਵੀ ਮੌਜੂਦ ਹਨ।

ਉਦਾਹਰਨ ਲਈ: ਉਮ ਹਰਮ ਬਿੰਤ ਮਿਲਹਾਨ, ਇੱਕ ਸਾਹਿਬੀਆ (ਪੈਗੰਬਰ ਦੀ ਇੱਕ ਸਾਥੀ) ਜਿਸਦਾ ਵਿਆਹ ਉਬਦਾਹ ਇਬਨ ਅਲ-ਸਮਿਤ ਅੰਸਾਰੀ ਨਾਲ ਹੋਇਆ ਸੀ; ਨੇ ਆਪਣੇ ਪਤੀ ਦੇ ਨਾਲ ਵਿਦੇਸ਼ਾਂ ਦੀਆਂ ਕਈ ਯਾਤਰਾਵਾਂ ਕੀਤੀਆਂ। ਉਸਦੀ ਕਬਰ ਸਾਈਪ੍ਰਸ ਵਿੱਚ

ਹੈ ਅਤੇ ਇਸਨੂੰ ਪਵਿੱਤਰ ਔਰਤ ਦੀ ਕਬਰ ਕਿਹਾ ਜਾਂਦਾ ਹੈ। ਮੱਕਾ ਵਿੱਚ ਪੈਦਾ ਹੋਏ ਖਾਲਿਦ ਇਬਨ ਅਲ-ਵਾਲਿਦ ਦੀ ਕਬਰ ਹਿਮਸ (ਸੀਰੀਆ) ਵਿੱਚ ਹੈ।

ਪੈਗੰਬਰ ਦੇ ਬਹੁਤੇ ਸਾਥੀਆਂ ਬਾਰੇ ਵੀ ਇਹੀ ਸੱਚ ਹੈ। ਅਜਿਹਾ ਕਿਉਂ ਹੋਇਆ? ਵਿਦਾਈ ਤੀਰਥ ਯਾਤਰਾ ਮੌਕੇ ਦਿੱਤੇ ਉਪਦੇਸ਼ ਵਿੱਚ ਪੈਗੰਬਰ ਮੁਹੰਮਦ ਨੇ ਉਥੇ ਮੌਜੂਦ ਲੋਕਾਂ ਨੂੰ ਹੋਰ ਦੇਸ਼ਾਂ ਵਿੱਚ ਜਾ ਕੇ ਇਸਲਾਮ ਦਾ ਪ੍ਰਚਾਰ-ਪ੍ਰਸਾਰ ਕਰਨ ਦੀ ਹਦਾਇਤ ਕੀਤੀ।

ਪੈਗੰਬਰ ਮੁਹੰਮਦ ਨੇ ਕਿਹਾ:

"...ਉਹ ਸਾਰੇ ਜੋ ਮੈਨੂੰ ਸੁਣ ਰਹੇ ਹਨ ਉਹ ਮੇਰੇ ਸ਼ਬਦਾਂ ਨੂੰ ਆਪਣੇ ਸਾਥੀਆਂ ਤੱਕ ਤੇ ਉਹ ਸਾਥੀ ਅੱਗੇ ਆਪਣੇ ਹੋਰ ਸਾਥੀਆਂ ਤੱਕ ਪਹੁੰਚਾਉਣ; ਇਸਦਾ ਸਿੱਟਾ ਇਹ ਨਿਕਲ ਸਕਦਾ ਹੈ ਕਿ ਅਖੀਰਲੇ ਲੋਕ ਮੇਰੇ ਸ਼ਬਦਾਂ ਨੂੰ ਉਹਨਾਂ ਨਾਲੋਂ ਬਿਹਤਰ ਸਮਝ ਸਕਣ ਜੋ ਮੈਨੂੰ ਇਥੇ ਸਿੱਧਾ ਸੁਣ ਰਹੇ ਹਨ। ਹੇ ਪਰਮੇਸ਼ੁਰ, ਮੇਰਾ ਗਵਾਹ ਬਣ ਕਿ ਮੈਂ ਤੇਰਾ ਸੰਦੇਸ਼ ਤੇਰੇ ਲੋਕਾਂ ਤੱਕ ਪਹੁੰਚਾ ਦਿੱਤਾ ਹੈ।"

ਪੈਗੰਬਰ ਦੇ ਹੁਕਮ ਦੀ ਪਾਲਣਾ ਕਰਨ ਸਦਕਾ ਸਹਾਬਾ (ਪੈਗੰਬਰ ਦੇ ਸਾਥੀ) ਵਿਦੇਸ਼ਾਂ ਵਿੱਚ ਵੱਸ ਗਏ। ਉਨ੍ਹਾਂ ਦੇਸ਼ਾਂ ਵਿੱਚ, ਉਹ ਜਾਂ ਤਾਂ ਵਪਾਰ ਕਰਦੇ ਸਨ ਜਾਂ ਸਖਤ ਮਿਹਨਤ ਨਾਲ ਆਪਣੀ ਰੋਜ਼ੀ-ਰੋਟੀ ਕਮਾਉਂਦੇ ਸਨ। ਇਸ ਦੌਰਾਨ ਉਹ ਆਪਣੇ ਗੈਰ-ਮੁਸਲਿਮ ਹਮਵਤਨਾਂ ਨੂੰ ਪੈਗੰਬਰ ਮੁਹੰਮਦ ਤੋਂ ਮਿਲੇ ਇਕ ਈਸ਼ਵਰਵਾਦ ਦਾ ਸੰਦੇਸ਼ ਵੀ ਦਿੰਦੇ ਸਨ। ਇਸ ਤਰ੍ਹਾਂ ਉਨ੍ਹਾਂ ਵਿੱਚੋਂ ਹਰ ਇੱਕ ਇਸਲਾਮ ਦਾ ਰਾਜਦੂਤ ਬਣ ਗਿਆ। ਇਸ ਦਾ ਪਰਿਣਾਮ ਇਹ ਹੋਇਆ ਕਿ ਇਸਲਾਮ ਦੁਨੀਆ ਭਰ ਵਿੱਚ ਫੈਲ ਗਿਆ। ਇਸ ਦਾ ਸਬੂਤ ਅੱਜ ਵੀ ਉਨ੍ਹਾਂ ਵਸਨੀਕਾਂ ਦੀ ਅਜੋਕੀ ਪੀੜ੍ਹੀ ਵਿੱਚ ਦੇਖਿਆ ਜਾ ਸਕਦਾ ਹੈ।

# ਪੈਗੰਬਰ ਅਤੇ ਉਸ ਦਾ ਪਰਿਵਾਰ

## ਪੈਗੰਬਰ: ਇੱਕ ਸਧਾਰਨ ਆਦਮੀ

ਰੱਬ ਦਾ ਦੂਤ ਤੇ ਧਾਰਮਿਕ ਆਗੂ ਹੋਣ ਦੇ ਬਾਵਜੂਦ ਪੈਗੰਬਰ ਮੁਹੰਮਦ ਨੇ ਕਦੇ ਵੀ ਆਮ ਲੋਕਾਂ ਸਾਹਮਣੇ ਸਭ ਤੋਂ ਉੱਤਮ ਜਾਂ ਮਹਾਨ ਹੋਣ ਦਾ ਪ੍ਰਗਟਾਵਾ ਨਹੀਂ ਕੀਤਾ। ਉਸਨੇ ਕਦੇ ਵੀ ਲੋਕਾਂ ਨੂੰ ਨੀਵਾਂ, ਵਿਅਰਥ ਜਾਂ ਸ਼ਰਮਿੰਦਾ ਮਹਿਸੂਸ ਨਹੀਂ ਕਰਾਇਆ। ਉਸਨੇ ਆਪਣੇ ਪੈਰੋਕਾਰਾਂ ਨੂੰ ਸਦਾ ਬੇਨਤੀ ਕੀਤੀ ਕਿ ਉਹ ਸਭਨਾਂ ਨਾਲ ਦਇਆ ਅਤੇ ਨਿਮਰਤਾ ਸਹਿਤ ਵਿਚਰਨ, ਜੇ ਹੋ ਸਕੇ ਗੁਲਾਮਾਂ ਨੂੰ ਰਿਹਾਅ ਕਰਨ ਜਾਂ ਕਰਵਾਉਣ ਵਿਚ ਮਦਦ ਕਰਨ ਅਤੇ ਗਰੀਬਾਂ, ਅਨਾਥਾਂ, ਕੈਦੀਆਂ ਆਦਿ ਨੂੰ ਨਿਸਵਾਰਥ ਦਾਨ ਦੇਣ।

ਪੈਗੰਬਰ ਆਰੰਭ ਤੋਂ ਹੀ ਅਸਵਾਰਥੀ ਸੀ। ਉਹ ਬਿਲਕੁਲ ਸਾਦਾ ਅਤੇ ਬਹੁਤ ਘੱਟ ਭੋਜਨ ਖਾਂਦਾ ਸੀ। ਉਸਨੇ ਕਦੇ ਵੀ ਆਪਣਾ ਪੇਟ ਭਰਨਾ ਪਸੰਦ ਨਹੀਂ ਕੀਤਾ। ਕਈ ਵਾਰ, ਕਈ-ਕਈ ਦਿਨਾਂ ਤੱਕ ਉਹ ਕੱਚੇ ਭੋਜਨ ਤੋਂ ਇਲਾਵਾ ਹੋਰ ਕੁਝ ਨਹੀਂ ਸੀ ਖਾਂਦਾ। ਉਹ ਫਰਸ਼ ’ਤੇ ਇੱਕ ਬਹੁਤ ਹੀ ਸਾਧਾਰਨ ਚਟਾਈ ਵਿਛਾ ਕੇ ਸੌਂਦਾ ਸੀ ਅਤੇ ਉਹਦੇ ਕੋਲ ਘਰ ਵਿਚ ਆਰਾਮ ਜਾਂ ਸਜਾਵਟ ਲਈ ਕੁਝ ਵੀ ਨਹੀਂ ਸੀ। ਇੱਕ ਰਾਤ ਉਸਦੀ ਪਤਨੀ ਹਫਸਾਹ ਨੇ ਉਸਨੂੰ ਬਿਨਾਂ ਦੱਸੇ ਚਟਾਈ ਨੂੰ ਦੂਹਰੀ ਮੋੜ ਕੇ ਵਿਛਾ ਦਿੱਤਾ ਤਾਂ ਜੋ ਪੈਗੰਬਰ ਵਧੇਰੇ ਨਰਮ ਅਤੇ ਆਰਾਮਦਾਇਕ ਤਰੀਕੇ ਨਾਲ ਸੌਂ ਸਕੇ। ਬੇਸ਼ਕ ਉਸ ਰਾਤ ਉਹ ਸ਼ਾਂਤੀ ਨਾਲ ਸੁੱਤਾ, ਪਰ ਬਹੁਤੇ ਅਰਾਮ ਕਾਰਣ ਉਸਦੀ ਸਵੇਰੇ ਸਮੇਂ ਸਿਰ ਜਾਗ ਨਹੀਂ ਖੁੱਲ੍ਹੀ, ਜਿਸ ਕਰਕੇ ਉਹ ਫਜਰ ਦੀ ਨਮਾਜ਼ ਤੋਂ ਖੁੰਝ

ਗਿਆ। ਜਦੋਂ ਜਾਗ ਖੁੱਲ੍ਹੀ ਤਾਂ ਉਸਨੂੰ ਇੰਨਾ ਪਸ਼ਤਾਵਾ ਹੋਇਆ ਕਿ ਫਿਰ ਕਦੇ ਉਹ ਇਸ ਤਰ੍ਹਾਂ ਨਹੀਂ ਸੁੱਤਾ।

ਸਾਦਾ ਜੀਵਨ ਅਤੇ ਸੰਤੁਸ਼ਟੀ ਪੈਗੰਬਰ ਦੇ ਜੀਵਨ ਦੀਆਂ ਮੁੱਖ ਸਿੱਖਿਆਵਾਂ ਸਨ: "ਜਦੋਂ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਦੇਖਦੇ ਹੋ ਜਿਸ ਨੂੰ ਈਸ਼ਵਰ ਨੇ ਤੁਹਾਡੇ ਨਾਲੋਂ ਜ਼ਿਆਦਾ ਪੈਸਾ ਅਤੇ ਸੁੰਦਰਤਾ ਦਿੱਤੀ ਹੈ, ਤਾਂ ਇਕ ਵਾਰ ਉਨ੍ਹਾਂ ਵੱਲ ਵੀ ਦੇਖੋ ਜਿਨ੍ਹਾਂ ਨੂੰ ਤੁਹਾਡੇ ਨਾਲੋਂ ਬਹੁਤ ਘੱਟ ਮਿਲਿਆ ਹੈ।" ਅਜਿਹਾ ਕਰਨ ਨਾਲ ਤੁਸੀਂ ਸੱਖਣੇ ਮਹਿਸੂਸ ਕਰਨ ਦੀ ਬਜਾਏ, ਈਸ਼ਵਰ ਦੀਆਂ ਅਸੀਸਾਂ ਲਈ ਉਸਦਾ ਬੇਅੰਤ ਧੰਨਵਾਦ ਕਰੋਗੇ।

ਲੋਕ ਉਸਦੀ ਪਤਨੀ 'ਆਇਸ਼ਾ' (ਜੋ ਉਸਦੇ ਪਹਿਲੇ ਅਤੇ ਸਭ ਤੋਂ ਵਫ਼ਾਦਾਰ ਸਾਥੀ ਅਬੂ ਬਕਰ ਦੀ ਧੀ ਸੀ) ਨੂੰ ਅਕਸਰ ਪੁੱਛਦੇ ਸਨ ਕਿ ਪੈਗੰਬਰ ਘਰ ਵਿੱਚ ਕਿਵੇਂ ਵਿਚਰਦੇ ਹਨ? ਉਹਨਾਂ ਦਾ ਉੱਤਰ ਹੁੰਦਾ "ਇੱਕ ਆਮ ਇਨਸਾਨ ਵਾਂਗ। ਉਹ ਘਰ ਵਿਚ ਝਾੜੂ ਮਾਰਦਾ, ਆਪਣੇ ਕੱਪੜੇ ਸਿਊਂਦਾ, ਆਪਣੀ ਜੁੱਤੀ ਠੀਕ ਕਰਦਾ, ਊਠਾਂ ਨੂੰ ਪਾਣੀ ਪਿਲਾਉਂਦਾ, ਬੱਕਰੀਆਂ ਦਾ ਦੁੱਧ ਚੋਂਦਾ, ਕਾਮਿਆਂ ਦੀ ਮਦਦ ਕਰਦਾ, ਉਨ੍ਹਾਂ ਨਾਲ ਭੋਜਨ ਖਾਂਦਾ ਤੇ ਬਜ਼ਾਰ ਤੋਂ ਸਾਨੂੰ ਲੋੜੀਂਦਾ ਸਮਾਨ ਲਿਆ ਕੇ ਦਿੰਦਾ।" ਉਸ ਕੋਲ ਮੁਸ਼ਕਲ ਨਾਲ ਕੱਪੜਿਆਂ ਦਾ ਇੱਕ ਜੋੜਾ ਸੀ, ਜਿਸਨੂੰ ਉਹ ਧੋਂਦਾ ਤੇ ਪਾਉਂਦਾ ਸੀ।

ਉਹ ਘਰ ਦਾ ਮੋਹ ਕਰਨ ਵਾਲਾ, ਸ਼ਾਂਤੀ ਪਸੰਦ ਇਨਸਾਨ ਸੀ। ਉਹਦਾ ਕਹਿਣਾ ਸੀ "ਜਦੋਂ ਤੁਸੀਂ ਕਿਸੇ ਘਰ ਵਿੱਚ ਦਾਖਲ ਹੋਵੋ ਤਾਂ ਰੱਬ ਤੋਂ ਉਸ ਘਰ ਤੇ ਘਰ ਦੇ ਜੀਆਂ ਲਈ ਅਸੀਸਾਂ ਮੰਗੋ"। ਪੈਗੰਬਰ ਹਰ ਇਨਸਾਨ ਨੂੰ 'ਅਸ-ਸਲਾਮੁ-ਅਲੈਕੁਮ' ਆਖ ਕੇ ਸੰਬੋਧਿਤ ਹੁੰਦੇ ਸਨ, ਜਿਸਦਾ ਅਰਥ ਹੈ "ਤੁਹਾਡੇ ਉੱਤੇ ਸੁੱਖ-ਸ਼ਾਂਤੀ ਬਣੀ ਰਵੇ", ਕਿਉਂਕਿ ਸ਼ਾਂਤੀ ਦੁਨੀਆ ਦੀ ਸਭ ਤੋਂ ਖੁਬਸੂਰਤ ਚੀਜ਼ ਹੈ।

## ਪੈਗੰਬਰ ਦੀ ਦਿੱਖ

ਪੈਗੰਬਰ ਮੁਹੰਮਦ, ਔਸਤ ਕੱਦ ਤੋਂ ਉੱਚੇ, ਗੁਲਾਬੀ ਰੰਗਤ ਵਾਲੇ ਇੱਕ ਸੋਹਣੇ ਆਦਮੀ ਸਨ। ਉਹਨਾਂ ਦੀ ਕਦ-ਕਾਠ ਚੰਗੀ, ਮੋਢੇ ਬਹੁਤ ਚੌੜੇ ਅਤੇ ਪੇਟ ਬਿਲਕੁਲ ਸਪਾਟ ਸੀ। ਉਹ ਦ੍ਰਿੜਤਾ ਸਹਿਤ ਤੇਜ਼ ਰਫਤਾਰ ਨਾਲ ਤੁਰਦੇ ਸਨ। ਪੈਗੰਬਰ ਦੇ ਸਾਥੀਆਂ ਨੇ ਉਹਨਾਂ ਨੂੰ ਪ੍ਰਭਾਵਿਤ ਮੱਥਾ, ਸੋਹਣੇ ਦੰਦਾਂ, ਵੱਡੀਆਂ ਕਾਲੀਆਂ ਅੱਖਾਂ, ਸੋਹਣੀ ਮੁਸਕਰਾਹਟ, ਘੁੰਗਰਾਲੇ ਵਾਲ ਅਤੇ ਸੰਘਣੀ ਦਾੜ੍ਹੀ ਵਾਲਾ ਸੁੰਦਰ ਵਿਅਕਤੀ ਦੱਸਿਆ।

ਪੈਗੰਬਰ ਦੇ ਸਾਥੀਆਂ ਦਾ ਕਹਿਣਾ ਸੀ ਕਿ ਉਹਨਾਂ ਦਾ ਚਿਹਰਾ ਪੂਰਨਮਾਸ਼ੀ ਦੇ ਚੰਨ ਵਾਂਗ ਚਮਕਦਾਰ ਅਤੇ ਮਿਲਨਸਾਰ ਸੀ। ਉਹਨਾਂ ਦਾ ਹਾਸਾ ਇੰਨਾ ਕੋਮਲ ਸੀ ਕਿ ਉਹ ਸਿਰਫ ਇਕ ਮਿੱਠੀ ਜਿਹੀ ਮੁਕੁਰਾਹਟ ਜਾਪਦਾ ਸੀ ਅਤੇ ਉਹ ਮੁਸਕੁਰਾਹਟ ਉਹਨਾਂ ਦੇ ਚਮਕਦਾਰ ਦੰਦਾਂ ਨੂੰ ਦਰਸਾਉਂਦੀ ਸੀ। ਉਹਨਾਂ ਦੀ ਜ਼ਿੰਦਾਦਿਲੀ ਅਤੇ ਖੁੱਲ੍ਹੀ ਸ਼ਖ਼ਸੀਅਤ ਦਾ ਸਾਰਿਆਂ 'ਤੇ ਪ੍ਰਭਾਵ ਸੀ।

ਮੱਕਾ ਤੋਂ ਮਦੀਨਾ ਜਾਂਦੇ ਹੋਏ ਪੈਗੰਬਰ ਉਮ ਮਾਬਦ ਦੇ ਤੰਬੂ ਕੋਲੋਂ ਲੰਘੇ। ਉਸ ਔਰਤ ਨੇ ਪੈਗੰਬਰ ਦੇ ਕੁਝ ਚਮਤਕਾਰ ਦੇਖੇ ਅਤੇ ਪੈਗੰਬਰ ਦੇ ਉਥੋਂ ਜਾਣ ਤੋਂ ਪਹਿਲਾਂ ਇਸਲਾਮ ਕਬੂਲਣ ਦੀ ਸਹੁੰ ਖਾਧੀ। ਉਮ ਮਾਬਦ ਨੇ ਪੈਗੰਬਰ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ:

> "ਮੈਂ ਇੱਕ ਇਨਸਾਨ ਦੇਖਿਆ ਜੋ ਬਹੁਤ ਸੁੰਦਰ, ਚਮਕਦਾਰ ਚਿਹਰੇ ਅਤੇ ਚੰਗੀ ਕੱਦ-ਕਾਠ ਵਾਲਾ ਹੈ, ਉਹਦਾ ਸਰੀਰ ਠੋਸ, ਪਤਲਾ ਪੇਟ ਅਤੇ ਵੱਡਾ ਸਿਰ ਹੈ। ਉਹ ਦੇਖਣ ਵਿਚ ਬਹੁਤ ਚੁਸਤ, ਸੰਤੁਲਿਤ ਨੈਨ-ਨਕਸ਼, ਕਾਲੀਆਂ ਅੱਖਾਂ ਅਤੇ ਲੰਬੀਆਂ ਪਲਕਾਂ ਦਾ ਮਾਲਕ ਹੈ। ਉਸ ਦੀ ਆਵਾਜ਼ ਖਰ੍ਹਵੀ ਜਾਂ ਕਠੋਰ ਨਹੀਂ ਹੈ। ਉਹਦੀ ਗਰਦਨ ਲੰਬੀ, ਘੁੰਗਰਾਲੀ

ਦਾੜ੍ਹੀ ਅਤੇ ਭਾਰੇ ਭਰਵੱਟੇ ਜੋ ਆਪਸ ਵਿਚ ਜੁੜੇ ਹੋਏ ਹਨ। ਜਦੋਂ ਉਹ ਮੋਨ ਹੁੰਦਾ ਹੈ ਤਾਂ ਬਹੁਤ ਸ਼ਾਨਦਾਰ ਅਤੇ ਰਚਨਾਤਮਕ ਅਵਸਥਾ ਵਿਚ ਹੁੰਦਾ ਹੈ ਅਤੇ ਜਦੋਂ ਬੋਲਦਾ ਹੈ ਤਾਂ ਉਸਦੀ ਦਿੱਖ ਪ੍ਰਭਾਵਸ਼ਾਲੀ ਰੰਗਤ ਨਾਲ ਭਰ ਜਾਂਦੀ ਹੈ।

ਉਹ ਦੂਰੋਂ ਦੇਖਣ ’ਤੇ ਬਹੁਤ ਮਨਮੋਹਣਾ ਅਤੇ ਪ੍ਰਭਾਵਸ਼ਾਲੀ ਜਾਪਦਾ ਹੈ ਅਤੇ ਨੇੜਿਓਂ ਦੇਖਣ ’ਤੇ ਸਭ ਤੋਂ ਚੰਗਾ ਤੇ ਸੁੰਦਰ ਪ੍ਰਤੀਤ ਹੁੰਦਾ ਹੈ। ਉਹਦਾ ਬੋਲਣ ਦਾ ਢੰਗ ਬੜਾ ਸੁਚੱਜਾ ਹੈ, ਉਹ ਥੋੜ੍ਹਿਆਂ ਸ਼ਬਦਾਂ ਵਿਚ ਵੱਡੀ ਅਤੇ ਸਪਸ਼ਟ ਗੱਲ ਕਹਿਣ ਦੀ ਸਮਰੱਥਾ ਰੱਖਦਾ ਹੈ, ਉਸਦੇ ਸ਼ਬਦ ਮੋਤੀਆਂ ਦੀ ਇੱਕ ਆਦਰਸ਼ਕ ਮਾਲਾ ਵਰਗੇ ਹਨ।”

## ਪੈਗੰਬਰ ਦਾ ਪਰਿਵਾਰ

ਪੈਗੰਬਰ ਦਾ ਪਰਿਵਾਰ ਬਹੁਤ ਵੱਡਾ ਸੀ। ਉਹਨਾਂ ਦੀਆਂ ਕਈ ਪਤਨੀਆਂ ਸਨ ਤੇ ਹਰੇਕ ਦੀ ਵੱਖਰੀ ਰਿਹਾਇਸ਼ ਸੀ। ਉਨ੍ਹਾਂ ਦਿਨਾਂ ਵਿੱਚ, ਜਦੋਂ ਮਰਦ ਅਕਸਰ ਯੁੱਧ ਵਿੱਚ ਮਾਰੇ ਜਾਂਦੇ ਸਨ ਤਾਂ ਉਹਨਾਂ ਦੀਆਂ ਵਿਧਵਾ ਔਰਤਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਕਿਸੇ ਨਾ ਕਿਸੇ ਨੂੰ ਚੁਕਣੀ ਪੈਂਦੀ ਸੀ। ਇਸ ਲਈ ਪਤਨੀਆਂ ਦੇ ਰੂਪ ’ਚ ਪੈਗੰਬਰ ਨੇ ਕਈ ਬੇਸਹਾਰਾ ਸ਼ਰਨਾਰਥੀਆਂ ਨੂੰ ਆਪਣੀ ਜ਼ਿੰਮੇਵਾਰੀ ਹੇਠ ਰੱਖਿਆ ਹੋਇਆ ਸੀ। ਉਨ੍ਹਾਂ ਨਾਲ ਦਿਆਲੂ ਭਾਵ ਅਤੇ ਉਦਾਰਤਾ ਸਹਿਤ ਪੇਸ਼ ਆਇਆ ਜਾਂਦਾ। ਮੁਸਲਿਮ ਮਰਦਾਂ ਨੂੰ ਉਨ੍ਹਾਂ ਦੋਸਤਾਂ ਦੀਆਂ ਵਿਧਵਾਵਾਂ ਦੀ ਦੇਖਭਾਲ ਕਰਨ, ਉਨ੍ਹਾਂ ਨੂੰ ਵੱਖਰੇ ਘਰ ਦੇਣ ਅਤੇ ਸਾਰੀਆਂ ਔਰਤਾਂ ਨਾਲ ਹਰ ਪੱਖੋਂ ਸਮਾਨ ਵਿਵਹਾਰ ਕਰਨ ਲਈ ਉਤਸ਼ਾਹਿਤ ਕੀਤਾ ਗਿਆ।

ਪੈਗੰਬਰ ਦੀਆਂ ਪਤਨੀਆਂ ਨੇ ਉਹਨਾਂ ਦੇ ਪਵਿੱਤਰ ਜੀਵਨ ਢੰਗ ਨੂੰ ਅਪਨਾਇਆ। ਉਨ੍ਹਾਂ ਪਤਨੀਆਂ ਨੇ ਅੱਲ੍ਹਾ ਦੇ ਮਾਰਗ ’ਤੇ

ਚਲਦਿਆਂ ਹਰ ਕਿਸਮ ਦੀ ਕਠਿਨਾਈ ਨੂੰ ਸਹਿਜਤਾ ਨਾਲ ਸਹਾਰਿਆ ਅਤੇ ਮਹਾਨ ਕੁਰਬਾਨੀਆਂ ਦਿੱਤੀਆਂ। ਇਸ ਲਈ ਉਹ ਵਫ਼ਾਦਾਰਾਂ ਦੀਆਂ ਮਾਵਾਂ ਵਜੋਂ ਜਾਣੀਆਂ ਜਾਣ ਲੱਗੀਆਂ। ਪੈਗੰਬਰ ਦੇ ਸਾਰੇ ਪੁੱਤਰ ਬਚਪਨ ਵਿੱਚ ਹੀ ਫੌਤ ਹੋ ਗਏ ਸਨ। ਪਰ ਖਦੀਜਾਹ ਦੀ ਕੁੱਖੋਂ ਪੈਦਾ ਹੋਈਆਂ ਚਾਰ ਧੀਆਂ— ਫਾਤਿਮਾ, ਉਮ ਕੁਲਥੁਮ, ਰੁਕੈਆ ਅਤੇ ਜ਼ੈਨਬ— ਜਵਾਨ ਹੋਈਆਂ, ਵਿਆਹੀਆਂ ਗਈਆਂ ਅਤੇ ਅੱਗੋਂ ਬੱਚਿਆਂ ਨੂੰ ਜਨਮ ਦਿੱਤਾ।

ਰੁਕੈਆ ਅਤੇ ਉਮ ਕੁਲਥੁਮ ਦਾ ਵਿਆਹ (ਇੱਕ ਦੀ ਮੌਤ ਤੋਂ ਬਾਅਦ ਦੂਜਾ) ਉਸਮਾਨ ਬਿਨ ਅਫਾਨ ਨਾਲ, ਜ਼ੈਨਬ ਦਾ ਵਿਆਹ ਅਬੂ ਅਲ-ਅਸ ਨਾਲ ਅਤੇ ਸਭ ਤੋਂ ਛੋਟੀ ਫਾਤਿਮਾ ਦਾ ਵਿਆਹ ਅਲੀ ਇਬਨ ਅਬੀ ਤਾਲਿਬ ਨਾਲ ਹੋਇਆ। ਉਸ ਦੀਆਂ ਚਾਰੋਂ ਧੀਆਂ ਨੇ ਇਸਲਾਮ ਕਬੂਲ ਕੀਤਾ। ਅਲੀ ਅਤੇ ਉਸਮਾਨ ਸ਼ੁਰੂਆਤੀ ਮੁਸਲਮਾਨਾਂ ਵਿੱਚੋਂ ਸਨ ਪਰ ਜ਼ੈਨਬ ਦੇ ਪਤੀ ਅਬੂ ਅਲ-ਅਸ ਨੇ ਹਿਜਰਤ ਤੋਂ ਪਹਿਲਾਂ ਇਸਲਾਮ ਕਬੂਲ ਨਹੀਂ ਸੀ ਕੀਤਾ। ਅਬੂ ਅਲ ਪੈਗੰਬਰ ਮੁਹੰਮਦ ਦਾ ਬਹੁਤ ਸਤਿਕਾਰ ਕਰਦਾ ਸੀ ਪਰ ਉਸਨੂੰ ਲੱਗਦਾ ਸੀ ਕਿ ਲੋਕ ਕਹਿਣਗੇ ਕਿ ਉਸਨੇ ਆਪਣੀ ਪਤਨੀ ਦੇ ਕਹਿਣ ’ਤੇ ਇਸਲਾਮ ਕਬੂਲ ਕੀਤਾ ਹੈ। ਬਦਰ ਦੀ ਲੜਾਈ ਵਿੱਚ ਜਦੋਂ ਅਬੂ ਅਲ-ਅਸ ਨੂੰ ਬੰਦੀ ਬਣਾਇਆ ਤਾਂ ਉਸਦੀ ਰਿਹਾਈ ਧਨ ਦੇ ਕੇ ਕਰਵਾਈ ਗਈ ਸੀ। ਇਸਲਾਮ ਦੇ ਹੱਕ ਵਿਚ ਨਾ ਹੋਣ ਕਾਰਣ ਅਬੂ ਅਲ-ਅਸ ਨੇ ਆਪਣੀ ਪਤਨੀ ਜ਼ੈਨਬ ਨੂੰ ਵੀ ਤਲਾਕ ਦੇ ਦਿੱਤਾ ਸੀ। ਉਸਨੇ ਰਿਹਾ ਹੋਣ ਤੋਂ ਲੰਮੇਂ ਸਮੇਂ ਬਾਅਦ ਇਸਲਾਮ ਕਬੂਲ ਕੀਤਾ ਅਤੇ ਫਿਰ ਮਦੀਨਾ ਜਾ ਕੇ ਵੱਸ ਗਿਆ। ਮਦੀਨੇ ਆ ਕੇ ਉਸਦਾ ਵਿਆਹ ਮੁੜ ਜ਼ੈਨਬ ਨਾਲ ਹੋਇਆ।

ਰੁਕੈਆ ਅਤੇ ਉਮ ਕੁਲਥੁਮ ਦਾ ਵਿਆਹ ਪਹਿਲਾਂ ਅਬੂ ਲਹਾਬ ਦੇ ਦੋ ਪੁੱਤਰਾਂ ਉਤਬਾ ਅਤੇ ਉਤੈਬਾ ਨਾਲ ਕਰਨਾ ਤੈਅ ਕੀਤਾ ਗਿਆ

ਸੀ। ਇਨ੍ਹਾਂ ਵਿਆਹਾਂ ਦੇ ਸੰਪੂਰਨ ਹੋਣ ਤੋਂ ਪਹਿਲਾਂ, ਪੈਗੰਬਰ ਨੇ ਲੋਕਾਂ ਨੂੰ ਇਸਲਾਮ ਦਾ ਸੱਦਾ ਦੇਣਾ ਸ਼ੁਰੂ ਕਰ ਦਿੱਤਾ ਸੀ। ਜਿਸ ਸਦਕਾ ਅਬੂ ਲਹਾਬ ਦੇ ਦੋਵੇਂ ਪੁੱਤਰਾਂ ਨੇ ਰੁਕੈਆ ਤੇ ਉਮ ਕੁਲਥੁਮ ਨੂੰ ਤਲਾਕ ਦੇ ਦਿੱਤਾ।

# ਵਿਸ਼ਵਾਸੀਆਂ ਦੀਆਂ ਮਾਵਾਂ

ਪੈਗੰਬਰ ਮੁਹੰਮਦ ਦੀਆਂ ਸਾਰੀਆਂ ਪਤਨੀਆਂ, ਜੋ ਕਿ ਸੱਚੀ ਆਸਥਾ ਅਤੇ ਇਮਾਨਦਾਰੀ ਦੀ ਮਿਸਾਲ ਹਨ; ਨੂੰ 'ਉਮਾਹ' ਲਈ ਇੱਕ ਉੱਤਮ ਉਦਾਹਰਣ ਅਤੇ ਆਦਰਸ਼ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਅੱਜ ਵੀ ਧਾਰਮਿਕਤਾ, ਸਾਦੀ ਜੀਵਨ ਸ਼ੈਲੀ, ਹਿਰਦੇ ਦੀ ਪਵਿੱਤਰਤਾ ਅਤੇ ਭਗਤੀ ਪ੍ਰਤੀ ਸਮਰਪਣ ਲਈ ਯਾਦ ਕੀਤਾ ਜਾਂਦਾ ਹੈ। ਉਹ ਇੰਨੀਆਂ ਉਦਾਰਚਿਤ ਅਤੇ ਦਿਆਲੂ ਬਿਰਤੀ ਦੀਆਂ ਮਾਲਕ ਸਨ ਕਿ ਉਹਨਾਂ ਨੇ ਆਪਣੀ ਹਰ ਕੀਮਤੀ ਚੀਜ਼ ਅੱਲ੍ਹਾ ਦੇ ਰਾਹ ਵਿਚ ਨਿਓਛਾਵਰ ਕਰਕੇ ਬਖਸ਼ਿਸ਼ਾਂ ਦੇ ਗੱਫਿਆਂ ਦੀ ਉਮੀਦ ਸਿਰਫ ਅੱਲ੍ਹਾ ਤੋਂ ਰੱਖੀ। ਉਹ ਸਾਰੇ ਪੈਗੰਬਰ ਮੁਹੰਮਦ ਲਈ ਧੀਰਜ ਅਤੇ ਸਾਥ ਦਾ ਇੱਕ ਵੱਡਾ ਸਰੋਤ ਸਨ ਅਤੇ ਉਹਨਾਂ ਨੇ ਬਿਨਾਂ ਕੋਈ ਸ਼ਿਕਾਇਤ ਕੀਤੇ ਪੈਗੰਬਰ ਨਾਲ ਹਰ ਮੁਸ਼ਕਲਾਂ ਦਾ ਸਾਹਮਣਾ ਕੀਤਾ। ਵਿਸ਼ੇਸ਼ ਤੌਰ 'ਤੇ ਪੈਗੰਬਰ ਦੀਆਂ ਦੋ ਪਤਨੀਆਂ— ਖਦੀਜਾ ਅਤੇ ਆਇਸ਼ਾ ਦਾ ਜੀਵਨ ਇਸਲਾਮ ਵਿਚ ਪਾਏ ਯੋਗਦਾਨ ਕਰਕੇ ਜ਼ਿਕਰਯੋਗ ਸੀ।

## ਖਦੀਜਾ

ਖਦੀਜਾ, ਪੈਗੰਬਰ ਮੁਹੰਮਦ ਦੀ ਪਹਿਲੀ ਪਤਨੀ ਅਤੇ ਇਸਲਾਮ ਕਬੂਲ ਕਰਨ ਵਾਲੀ ਪਹਿਲੀ ਇਨਸਾਨ ਸੀ। ਮੁਹੰਮਦ ਨਾਲ ਵਿਆਹ ਕਰਾਉਣ

ਸਮੇਂ ਉਹ ਵਿਧਵਾ ਸੀ ਅਤੇ ਮੱਕੇ ਦੇ ਸਭ ਤੋਂ ਅਮੀਰ ਵਪਾਰੀਆਂ ਵਿੱਚੋਂ ਇੱਕ ਸੀ। ਖਦੀਜਾ ਨੇ ਪੈਗੰਬਰ ਨੂੰ ਆਪਣੇ ਕਾਰੋਬਾਰੀ ਪ੍ਰਤੀਨਿਧੀ ਵਜੋਂ ਨਿਯੁਕਤ ਕੀਤਾ ਅਤੇ ਉਸਦੀ ਇਮਾਨਦਾਰੀ ਤੇ ਨਿਰਮਲ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਸ ਅੱਗੇ ਵਿਆਹ ਦਾ ਪ੍ਰਸਤਾਵ ਰੱਖ ਦਿੱਤਾ।

ਖਦੀਜਾ ਪੈਗੰਬਰ ਲਈ ਨਿਰੰਤਰ ਸਮਰਥਨ ਦਾ ਇੱਕ ਸਰੋਤ ਸੀ, ਜਦੋਂ ਪੈਗੰਬਰ ਦੂਤ ਜਿਬ੍ਰਿਲ ਨਾਲ ਪਹਿਲੀ ਮੁਲਾਕਾਤ ਕਰਕੇ ਕੰਬ ਗਏ ਸੀ ਤਾਂ ਉਹਨਾਂ ਨੂੰ ਸਾਂਭਣ ਵਾਲੀ ਖਦੀਜਾ ਹੀ ਸੀ। ਖਾਦੀਜਾ ਦੀ ਸੰਪਤੀ ਵੀ ਇਸਲਾਮ ਦੇ ਸਮਰਥਨ ਦਾ ਇੱਕ ਵੱਡਾ ਸਰੋਤ ਸੀ। ਵਿਸ਼ਵਾਸੀਆਂ ਦੇ ਸਮਾਜਿਕ ਬਾਈਕਾਟ ਦੀਆਂ ਕਠਿਨਾਈਆਂ ਨੂੰ ਸਹਿਣ ਉਪਰੰਤ, ਉਸਨੂੰ ਜੰਨਤ ਵਿੱਚ ਗਹਿਣਿਆਂ ਦੇ ਮਹਿਲ ਦੀ ਖੁਸ਼ਖਬਰੀ ਦਿੱਤੀ ਗਈ। ਉਹ ਪੈਗੰਬਰ ਦੀ ਇਕਲੌਤੀ ਪਤਨੀ ਸੀ ਜਿਸ ਦੇ ਬੱਚੇ ਜਵਾਨ ਹੋਏ ਸਨ। ਖਦੀਜਾ ਦੇ ਦਿਹਾਂਤ ਤੋਂ ਕਈ ਸਾਲਾਂ ਬਾਅਦ ਵੀ ਪੈਗੰਬਰ ਉਸਨੂੰ ਸਨੇਹਪੂਰਵਕ ਯਾਦ ਕਰਦੇ ਸਨ।

## ਆਇਸ਼ਾ ਸਿੱਦੀਕਾ

ਆਇਸ਼ਾ ਪੈਗੰਬਰ ਮੁਹੰਮਦ ਦੀ ਸਭ ਤੋਂ ਛੋਟੀ ਪਤਨੀ ਅਤੇ ਉਹਨਾਂ ਦੇ ਸਭ ਤੋਂ ਨਜ਼ਦੀਕੀ ਸਾਥੀ ਅਬੂ ਬਕਰ ਸਿੱਦੀਕ ਦੀ ਧੀ ਸੀ। ਉਹ ਇੱਕ ਧਰਮਾਤਮਾ ਔਰਤ ਸੀ, ਉਸਨੇ ਆਪਣੇ ਪਤੀ ਦਾ ਸਾਥ ਨਿਭਾਉਂਦਿਆਂ ਹੋਇਆਂ ਬੇਅੰਤ ਔਂਕੜਾਂ ਦਾ ਸਾਹਮਣਾ ਕੀਤਾ। ਆਇਸ਼ਾ ਦੱਸਦੀ ਹੈ ਕਿ ਪੈਗੰਬਰ ਦੇ ਇੰਤਕਾਲ ਤਕ ਲਗਾਤਾਰ ਤਿੰਨ ਦਿਨ ਉਹਨਾਂ ਨੂੰ ਪੇਟ ਭਰ ਜੌਂ ਦੀ ਰੋਟੀ ਨਹੀਂ ਮਿਲੀ ਸੀ।

ਉਹ ਅਸਾਧਾਰਨ ਯਾਦਦਾਸ਼ਤ ਵਾਲੀ ਇੱਕ ਬਹੁਤ ਹੀ ਬੁੱਧੀਮਾਨ ਇਨਸਾਨ ਸੀ। ਉਸ ਨੂੰ ਪੈਗੰਬਰ ਦੇ ਬਹੁਤ ਨੇੜੇ ਰਹਿਣ ਦਾ ਮੌਕਾ ਮਿਲਿਆ, ਜਿਸ ਸਦਕਾ ਉਹ ਇਸਲਾਮ ਬਾਬਤ ਆਪਣੀ ਸਮਝ ਨੂੰ ਹੋਰ ਸਪੱਸ਼ਟ ਕਰਨ ਲਈ ਪੈਗੰਬਰ ਨੂੰ ਕਈ ਪ੍ਰਸ਼ਨ ਪੁੱਛਦੀ ਸੀ।

ਪੈਗੰਬਰ ਮੁਹੰਮਦ ਦੇ ਜਹਾਨੋਂ ਰੁਖ਼ਸਤ ਹੋਣ ਤੋਂ ਬਾਅਦ 'ਉਮਰ' ਵਰਗੇ ਪੈਗੰਬਰ ਦੇ ਬਜ਼ੁਰਗ ਸਾਥੀ ਵੀ ਗੰਭੀਰ ਮੁੱਦਿਆਂ 'ਤੇ ਆਇਸ਼ਾ ਕੋਲ ਸਲਾਹ ਲੈਣ ਆਉਂਦੇ ਸਨ। ਉਹ ਨਿਯਮਤ ਕਲਾਸਾਂ ਆਯੋਜਿਤ ਕਰਨ ਦੇ ਨਾਲ-ਨਾਲ ਇਸਲਾਮ ਬਾਬਤ ਭਾਸ਼ਣ ਵੀ ਦਿੰਦੀ ਸੀ।

ਇੱਕ ਵਾਰ ਜਦੋਂ ਕੁਝ ਪਾਖੰਡੀਆਂ ਨੇ ਆਇਸ਼ਾ ਦੀ ਪਵਿੱਤਰਤਾ ਬਾਰੇ ਅਫਵਾਹਾਂ ਫੈਲਾ ਦਿੱਤੀਆਂ ਤਾਂ ਪ੍ਰਮਾਤਮਾ ਨੇ ਕੁਰਾਨ ਵਿੱਚ ਦਰਜ ਆਇਤਾਂ ਭੇਜ ਕੇ ਉਸਦੀ ਬੇਗੁਨਾਹੀ ਦੀ ਪੁਸ਼ਟੀ ਕੀਤੀ।

## ਹਦੀਸ

ਹਦੀਸ ਦਾ ਅਰਥ ਹੈ 'ਕਥਨ' ਜਾਂ 'ਰਿਪੋਰਟ'। ਇਸਨੂੰ ਪੈਗੰਬਰ ਮੁਹੰਮਦ ਦੀਆਂ ਕਥਨੀਆਂ (ਬਚਨ) ਅਤੇ ਕਰਨੀਆਂ (ਆਚਰਣ) ਦੇ ਰਿਕਾਰਡ ਲਈ ਇੱਕ ਇਸਲਾਮੀ ਸ਼ਬਦ ਵਜੋਂ ਵਰਤਿਆ ਜਾਂਦਾ ਹੈ।

ਹਦੀਸ ਇਸਲਾਮ ਦਾ ਦੂਜਾ ਮੌਲਿਕ ਸਰੋਤ ਪ੍ਰਦਾਨ ਕਰਤਾ ਹੈ। ਹਦੀਸ ਸਾਨੂੰ ਪੈਗੰਬਰ ਦੇ ਜੀਵਨ ਦਾ ਸਮੁੱਚਾ ਵੇਰਵਾ ਦੇਣ ਦੇ ਨਾਲ-ਨਾਲ 'ਕੁਰਾਨ' ਦੀ ਟੀਕੇ ਵਜੋਂ ਵੀ ਕਾਰਜ ਕਰਦੀ ਹੈ।

ਕੁਰਾਨ ਮੁੱਖ ਤੌਰ 'ਤੇ ਇਸਲਾਮ ਦੀਆਂ ਬੁਨਿਆਦੀ ਗੱਲਾਂ ਨਾਲ ਸੰਬੰਧਿਤ ਹੈ ਪਰ ਹਦੀਸ ਕੁਰਾਨ ਦੇ ਮੂਲ ਵਿਚਾਰਾਂ ਤੇ ਆਦੇਸ਼ਾਂ ਦਾ ਜ਼ਰੂਰੀ ਵੇਰਵਾ ਅਤੇ ਡੂੰਘੀ ਵਿਆਖਿਆ ਪ੍ਰਦਾਨ ਕਰਦਾ ਹੈ। ਉਦਾਹਰਨ ਲਈ ਕੁਰਾਨ ਕਹਿੰਦਾ ਹੈ: "ਪ੍ਰਾਰਥਨਾ ਲਈ ਸਭਾ ਸਥਾਪਿਤ ਕਰੋ।" ਪਰ ਇਸ ਵਿਚ ਇਹ ਨਹੀਂ ਦੱਸਿਆ ਗਿਆ ਕਿ ਪ੍ਰਾਰਥਨਾ ਕਿਵੇਂ ਕਰਨੀ ਹੈ? ਇੱਥੋਂ ਤੱਕ ਕਿ ਸਮਾਂ ਅਤੇ ਰਕਾਤ (ਪ੍ਰਾਰਥਨਾ ਦੀਆਂ ਇਕਾਈਆਂ) ਦਾ ਵੀ ਸਪਸ਼ਟ ਤੌਰ 'ਤੇ ਜ਼ਿਕਰ ਨਹੀਂ ਕੀਤਾ ਗਿਆ ਹੈ। ਇੱਥੇ ਸਾਨੂੰ ਪੂਰੀ ਜਾਣਕਾਰੀ ਲਈ ਪਰੰਪਰਾਵਾਂ ਦੀ ਲੋੜ ਹੈ।

ਵੇਰਵਿਆਂ ਨੂੰ ਜਾਣਨ ਤੋਂ ਬਾਅਦ ਵੀ ਕੁਰਾਨ ਵਿਚ ਦਰਜ

ਇਲਾਹੀ ਹੁਕਮਾਂ ਦੀ ਪਾਲਣਾ ਕਰਨਾ ਅਸਾਨੀ ਨਾਲ ਸੰਭਵ ਨਹੀਂ ਹੋ ਸਕਦਾ ਕਿਉਂਕਿ ਇਕੱਲੇ ਸ਼ਬਦਾਂ ਨਾਲ ਸਭ ਕੁਝ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ। ਇਸ ਲਈ ਨਬੀ ਨੇ ਵਿਸ਼ਵਾਸੀਆਂ ਦੇ ਸਨਮੁੱਖ ਪ੍ਰਦਰਸ਼ਿਤ ਕੀਤਾ ਕਿ ਪ੍ਰਾਰਥਨਾ ਕਿਵੇਂ ਕੀਤੀ ਜਾਵੇ? ਉਸਨੇ ਵਿਸ਼ਵਾਸੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ "ਮੇਰੇ ਵੱਲ ਦੇਖੋ, ਦੇਖੋ ਕਿ ਮੈਂ ਕਿਵੇਂ ਪ੍ਰਾਰਥਨਾ ਕਰਦਾ ਹਾਂ ਅਤੇ ਮੇਰਾ ਅਨੁਸਰਣ ਕਰੋ।"

ਕੁਰਾਨ ਬਾਰ-ਬਾਰ ਸਾਨੂੰ ਹਦੀਸ ਦੇ ਮਹੱਤਵ ਦੀ ਯਾਦ ਦਿਵਾਉਂਦਾ ਹੈ ਅਤੇ ਸਾਨੂੰ ਪੈਗੰਬਰ ਦੇ ਆਦੇਸ਼ਾਂ ਦੀ ਸਖਤੀ ਨਾਲ ਪਾਲਣਾ ਕਰਨ ਦਾ ਹੁਕਮ ਦਿੰਦਾ ਹੈ: "...ਪ੍ਰਮਾਤਮਾ ਅਤੇ ਦੂਤ ਦੀ ਆਗਿਆ ਦਾ ਪਾਲਣ ਕਰੋ..." (ਅਲ-ਨਿਸਾ, 4:59)

ਇਹ ਇਸ ਤਰ੍ਹਾਂ ਹੈ ਜਿਵੇਂ, ਕੁਰਾਨ ਪਾਠ ਹੈ ਅਤੇ ਹਦੀਸ ਟੀਕਾ; ਕੁਰਾਨ ਸਿਧਾਂਤ ਹੈ ਅਤੇ ਹਦੀਸ ਅਭਿਆਸ। ਇਸ ਤਰ੍ਹਾਂ ਕੁਰਾਨ ਅਤੇ ਹਦੀਸ ਨੂੰ ਇੱਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਹ ਇੱਕ ਦੂਜੇ ਦੇ ਪੂਰਕ ਹਨ। ਧਰਮ ਦੀ ਸਥਾਪਨਾ ਲਈ ਦੋਵੇਂ ਇਕ ਸਮਾਨ ਮਹੱਤਵਪੂਰਨ ਹਨ।

ਪੈਗੰਬਰ ਦੇ ਜੀਵਨ ਕਾਲ ਦੌਰਾਨ ਪਰੰਪਰਾਵਾਂ ਦਾ ਕੋਈ ਨਿਯਮਿਤ ਸੰਕਲਨ ਮੌਜੂਦ ਨਹੀਂ ਸੀ, ਕਿਉਂਕਿ ਉਹ ਆਮ ਤੌਰ 'ਤੇ ਲਿਖਤੀ ਰੂਪ ਵਿੱਚ ਦਰਜ ਨਹੀਂ ਸਨ ਕੀਤੀਆਂ ਜਾਂਦੀਆਂ। ਹਾਲਾਂਕਿ, ਉਹਨਾਂ ਨੂੰ ਮੌਖਿਕ ਤੌਰ 'ਤੇ ਪ੍ਰਸਾਰਿਤ ਕੀਤਾ ਜਾਂਦਾ ਰਿਹਾ ਸੀ। ਪਰੰਪਰਾਵਾਂ ਦਾ ਵੇਰਵੇ ਦੀ ਸ਼ੁੱਧਤਾ ਤੇ ਸਟੀਕਤਾ ਸਹਿਤ ਸਾਡੇ ਤੀਕ ਪਹੁੰਚਾਉਣ ਦਾ ਸਾਰਾ ਸ਼੍ਰੇਅ ਅਰਬ ਦੇ ਲੋਕਾਂ ਦੀ ਬੇਮਿਸਾਲ ਯਾਦਾਸ਼ਤ ਨੂੰ ਜਾਂਦਾ ਹੈ। ਬਾਅਦ ਵਿੱਚ ਉਨ੍ਹਾਂ ਪਰੰਪਰਾਵਾਂ ਨੂੰ ਹਦੀਸ ਦੇ ਵੱਖ-ਵੱਖ ਸੰਗ੍ਰਹਿਕਾਰਾਂ ਦੁਆਰਾ ਕਿਤਾਬੀ ਰੂਪ ਵਿੱਚ ਸੰਕਲਿਤ ਕਰ ਲਿਆ ਗਿਆ।

## ਤਜ਼ਕੀਆ

ਕਿਉਂਕਿ ਅਧਿਆਤਮਿਕ ਵਿਕਾਸ ਦਾ ਸੰਬੰਧ ਮਨ ਨਾਲ ਹੈ, ਇਸ ਲਈ ਅਧਿਆਤਮਿਕ ਪ੍ਰਗਤੀ 'ਬੌਧਿਕ ਪ੍ਰਗਤੀ ਜਾਂ ਬੌਧਿਕ ਵਿਕਾਸ' ਦਾ ਹੀ ਦੂਜਾ ਨਾਮ ਹੈ, ਜੋ ਕਿ ਮਨੁੱਖ ਦਾ ਮੁੱਖ ਨਿਸ਼ਾਨਾ ਹੈ। ਕੁਰਾਨ ਮੁਤਾਬਿਕ ਅਧਿਆਤਮਿਕ ਜਾਂ ਬੌਧਿਕ ਵਿਕਾਸ ਦੀ ਪ੍ਰਕਿਰਿਆ ਅਸਲ ਵਿੱਚ ਤਜ਼ਕੀਆ (ਮਨ ਦੀ ਸ਼ੁੱਧੀ) ਨਾਲ ਸ਼ੁਰੂ ਹੁੰਦੀ ਹੈ। ਇਨਸਾਨ ਜਿੰਨਾ ਜ਼ਿਆਦਾ ਮਨ ਨੂੰ ਸ਼ੁੱਧ ਕਰੇਗਾ, ਉਹ ਅਧਿਆਤਮਿਕ ਜਾਂ ਬੌਧਿਕ ਵਿਕਾਸ ਦੇ ਉੱਨਾ ਹੀ ਜ਼ਿਆਦਾ ਨੇੜੇ ਹੁੰਦਾ ਜਾਵੇਗਾ। ਇਹ ਕਦਮ ਚੁੱਕੇ ਬਿਨਾਂ ਅਧਿਆਤਮਿਕ ਜਾਂ ਬੌਧਿਕ ਪ੍ਰਗਤੀ ਸੰਭਵ ਨਹੀਂ ਹੈ।

ਅਧਿਆਤਮਿਕਤਾ, ਮਨ ਦੀ ਜਾਗ੍ਰਿਤੀ ਵਿੱਚ ਤਜ਼ਕੀਆ (ਸ਼ੁੱਧਤਾ ਜਾਂ ਡੀ-ਕੰਡੀਸ਼ਨਿੰਗ) ਲਈ ਸਭ ਤੋਂ ਵਧੀਆ ਫਾਰਮੂਲਾ ਪ੍ਰਦਾਨ ਕਰਦੀ ਹੈ, ਜੋ ਸਾਡੀ ਸ਼ਖ਼ਸੀਅਤ ਨੂੰ ਵਿਕਾਸ ਵੱਲ ਲੈ ਜਾਂਦੀ ਹੈ। ਇਹ ਹਮੇਸ਼ਾ ਤੋਂ ਹੀ ਇਕ ਵੱਡੀ ਤਾਕਤ ਰਹੀ ਹੈ। ਅਧਿਆਤਮਿਕਤਾ ਅਸਲ ਵਿਚ ਸਾਰੀਆਂ ਚੰਗਿਆਈਆਂ ਦੀ ਪ੍ਰੇਰਕ ਅਤੇ ਸਾਰੀਆਂ ਬੁਰਾਈਆਂ ਦਾ ਨਾਸ਼ ਹੈ। ਹਰੇਕ ਇਨਸਾਨ ਅਧਿਆਤਮਿਕ ਵਾਤਾਵਰਣ 'ਚ ਜਨਮ ਲੈ ਸਕਦਾ ਹੈ, ਭਾਵ ਉਹ ਸੁਭਾਅ ਤੋਂ ਅਧਿਆਤਮਿਕ ਹੋ ਸਕਦਾ ਹੈ ਪਰ ਜਨਮ ਉਪਰੰਤ ਇਨਸਾਨ ਇੱਕ ਅਜਿਹੇ ਸਮਾਜ ਵਿੱਚ ਰਹਿੰਦਾ ਹੈ, ਜੋ ਆਪਣੇ ਅਨੇਕ ਪ੍ਰਭਾਵਾਂ, ਸਥਿਤੀਆਂ ਅਧੀਨ ਮਨੁੱਖ ਦੀ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਘੜਦਾ ਹੈ ਕਿ ਉਹ ਨਕਾਰਾਤਮਕ ਭਾਵਨਾਵਾਂ ਨਾਲ ਭਰ ਜਾਂਦਾ ਹੈ। ਇਹ ਨਕਾਰਾਤਮਕ ਭਾਵਨਾਵਾਂ ਕ੍ਰੋਧ, ਬਦਲਾ, ਈਰਖਾ, ਨਫ਼ਰਤ ਅਤੇ ਵਿਰੋਧ ਦੀਆਂ ਹੋ ਸਕਦੀਆਂ ਹਨ। ਇਹਨਾਂ ਨਕਾਰਾਤਮਕ ਪ੍ਰਭਾਵਾਂ ਦੇ ਕਾਰਨ ਸਾਡੇ ਅੰਦਰ ਨਕਾਰਾਤਮਕ ਸ਼ਖ਼ਸੀਅਤ ਦਾ ਵਿਕਾਸ ਹੋ ਜਾਂਦਾ ਹੈ। ਇਸ ਲਈ ਸਾਨੂੰ ਆਪਣੇ ਦਿਮਾਗ ਨੂੰ ਸੁਚੇਤ ਪੱਧਰ 'ਤੇ ਸਰਗਰਮ ਤੇ ਸ਼ੁੱਧ ਕਰਨਾ ਪਵੇਗਾ ਤਾਂ

ਕਿ ਆਪਣੀ ਸ਼ਖ਼ਸੀਅਤ ਨੂੰ ਸਕਾਰਾਤਮਕ ਦਿਸ਼ਾ ਵਿਚ ਵਿਕਸਤ ਕੀਤਾ ਜਾ ਸਕੇ, ਕਿਉਂਕਿ ਸਿਰਫ ਸਕਾਰਾਤਮਕ ਸ਼ਖ਼ਸੀਅਤ ਹੀ ਸਵਰਗ ਵਿਚ ਪ੍ਰਵੇਸ਼ ਪ੍ਰਾਪਤ ਕਰਨ ਦੇ ਯੋਗ ਹੈ।

ਤਜ਼ਕੀਆ ਅਵਸਥਾ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪਣੇ ਦਿਮਾਗ ਨੂੰ ਪੁਨਰ-ਸਿਰਜਿਤ ਕਰਨਾ ਪੈਂਦਾ ਹੈ। ਮਨੁੱਖ ਨੂੰ ਅਨੁਸ਼ਾਸਿਤ ਬਣਨਾ ਚਾਹੀਦਾ ਹੈ ਅਤੇ ਬਾਹਰੀ ਪ੍ਰੇਰਨਾਵਾਂ ਦੇ ਪ੍ਰਭਾਵ ਹੇਠ ਆਪਣੀ ਸ਼ਖ਼ਸੀਅਤ ਨੂੰ ਵਿਕਸਤ ਨਹੀਂ ਹੋਣ ਦੇਣਾ ਚਾਹੀਦਾ। ਉਸ ਨੂੰ ਆਪਣੇ ਫੈਸਲਿਆਂ ਦੁਆਰਾ ਉੱਚ ਸਿਧਾਂਤਾਂ ਦੇ ਆਧਾਰ ’ਤੇ ਆਪਣੀ ਸ਼ਖ਼ਸੀਅਤ ਦੀ ਉਸਾਰੀ ਕਰਨੀ ਚਾਹੀਦੀ ਹੈ। ਤਦ ਹੀ ਉਹ ਦੈਵੀ ਚਰਿੱਤਰ ਵਾਲਾ ਹੋਵੇਗਾ। ਉਸ ਨੂੰ ਸਿਰਜਣਹਾਰ ਦੀ ਯੋਜਨਾ ਦਾ ਪਾਲਣ ਕਰਨ ਲਈ ਆਪਣੀ ਸ਼ਖਸੀਅਤ ਨੂੰ ਹਲੂਣਨਾ, ਝੰਜੋੜਨਾ ਤੇ ਨਵਾਂ ਰੂਪ ਦੇਣਾ ਪਵੇਗਾ। ਉਸ ਨੂੰ ਆਪਣੇ ਆਪ ਨੂੰ ਅਜਿਹੇ ਇਨਸਾਨ ਵਿੱਚ ਤਬਦੀਲ ਕਰਨਾ ਪਵੇਗਾ ਜੋ ਸਮਾਜ ਦੁਆਰਾ ਨਹੀਂ, ਸਗੋਂ ਅਧਿਆਤਮਿਕਤਾ ਦੁਆਰਾ ਸਿਰਜਿਆ ਗਿਆ ਹੋਵੇ। ਇਸ ਤਰ੍ਹਾਂ ਇੱਕ ਇਨਸਾਨ ਰੱਬ-ਉਨਮੁੱਖ ਜਾਂ ਰੱਬੀ ਜੀਵਨ ਜੀਣ ਦੇ ਯੋਗ ਹੋਵੇਗਾ।

ਇੱਕ ਹਦੀਸ ਅਨੁਸਾਰ, ਪੈਗੰਬਰ ਮੁਹੰਮਦ ਨੇ ਕਿਹਾ ਸੀ ਕਿ ਭਗਤੀ ਦਾ ਸਰਵਉੱਚ ਰੂਪ ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਪ੍ਰਾਰਥਨਾ ਕਰਨਾ ਹੈ। ਇਸ ਹਦੀਸ ਤੋਂ ਸਾਨੂੰ ਉਪਾਸਨਾ ਦੇ ਉੱਤਮ ਰੂਪ ਦਾ ਅਸਲ ਸੰਕੇਤ ਸਮਝ ਆਉਂਦਾ ਹੈ। ਉਹ ਅਸਲ ਸੰਕੇਤ ਭਗਤੀ ਦੌਰਾਨ ਪਰਮਾਤਮਾ ਦੀ ਮੌਜੂਦਗੀ ਨੂੰ ਮਹਿਸੂਸ ਕਰਨਾ ਹੈ ਤੇ ਨਾਲ ਹੀ ਇਹ ਵੀ ਮਹਿਸੂਸ ਕਰਨਾ ਕਿ ਉਹ ਪਰਮਾਤਮਾ ਦੇ ਬਹੁਤ ਕਰੀਬ ਆ ਗਿਆ ਹੈ। ਉਦੋਂ ਹੀ ਮਨੁੱਖ ਪ੍ਰਮਾਤਮਾ ਦੇ ਪਿਆਰ ਅਤੇ ਅਸੀਸਾਂ ਦੇ ਤਾਜ਼ਾ, ਸ਼ੀਤਲ ਪ੍ਰਭਾਵ ਦਾ ਅਨੁਭਵ ਕਰ ਸਕਦਾ ਹੈ।

ਪਰਮਾਤਮਾ ਨਾਲ ਨੇੜਤਾ ਦੀ ਇਹ ਭਾਵਨਾ ਹੀ ਅਧਿਆਤਮਿਕ ਅਨੁਭਵ ਦਾ ਸਭ ਤੋਂ ਉੱਚਤਮ ਰੂਪ ਹੈ।

ਸਜਦਾ ਸਿਮਰਨ ਜਾਂ ਧਿਆਨ ਦਾ ਸਰਵੋਤਮ ਰੂਪ ਹੈ। ਸਜਦਾ ਆਤਮਾ ਅਤੇ ਸਰੀਰ ਦੇ ਏਕੀਕਰਨ ਦਾ ਮੂਲ ਸਰੋਤ ਹੈ। ਸਜਦਾ ਰੱਬ ਅਤੇ ਮਨੁੱਖ ਵਿਚਕਾਰ ਮੇਲ ਦਾ ਕੇਂਦਰ ਬਿੰਦੂ ਹੈ। ਸਜਦਾ ਅਧੀਨਗੀ ਜਾਂ ਸਮਰਪਣ ਦਾ ਸੰਕੇਤ ਹੈ, ਕਿਉਂਕਿ ਅਧੀਨਗੀ ਜਾਂ ਸਮਰਪਣ ਦੀ ਅਵਸਥਾ ਵਿੱਚ ਹੀ ਅਸੀਂ ਸਰਬਸ਼ਕਤੀਮਾਨ ਪਰਮਾਤਮਾ ਨੂੰ ਮਿਲ ਸਕਦੇ ਹਾਂ। ਸਜਦਾ ਰੱਬ ਦੇ ਬਹੁਤ ਕਰੀਬ ਸਥਾਨ ਪ੍ਰਾਪਤ ਕਰਨ ਲਈ ਸਮਰਪਣ ਦੀ ਅੰਤਮ ਸਥਿਤੀ ਜਾਂ ਕਦਮ ਹੈ।

## ਪੈਗੰਬਰ ਦੀਆਂ ਪ੍ਰਾਰਥਨਾਵਾਂ

- ਹੇ ਪ੍ਰਮਾਤਮਾ, ਮੈਂ ਤੁਹਾਡੇ ਤੋਂ ਮਾਰਗਦਰਸ਼ਨ, ਧਾਰਮਿਕਤਾ, ਪਵਿੱਤਰਤਾ ਅਤੇ ਅਨਗਿਣਤ ਲੋੜਾਂ ਤੋਂ ਮੁਕਤੀ ਲਈ ਮਿੰਨਤ ਕਰਦਾ ਹਾਂ।
- ਹੇ ਪ੍ਰਮਾਤਮਾ, ਮੈਨੂੰ ਬਖ਼ਸ਼ ਲਓ, ਮੇਰੇ ’ਤੇ ਦਇਆ ਕਰੋ, ਮੈਨੂੰ ਸੁਰੱਖਿਆ ਤੇ ਸ਼ਾਂਤੀ ਬਖ਼ਸ਼ੋ ਅਤੇ ਮੈਨੂੰ ਪਨਾਹ ਦਿਓ।
- ਹੇ ਪ੍ਰਮਾਤਮਾ, ਤੁਹਾਡਾ ਸਾਡੇ ਦਿਲਾਂ ਉੱਤੇ ਪੂਰਾ ਨਿਅੰਤਰਣ ਹੈ। ਸਾਡੇ ਦਿਲਾਂ ਨੂੰ ਆਪਣੀ ਆਗਿਆਕਾਰਤਾ ਵੱਲ ਮੋੜੋ।
- ਰੱਬ ਸਾਡੇ ਲਈ ਉਪਯੁਕਤ ਹੈ। ਉਹ ਸਭ ਤੋਂ ਉੱਤਮ ਰੱਖਿਅਕ ਹੋਣ ਦੇ ਨਾਲ-ਨਾਲ ਇੱਕ ਬਾਕਮਾਲ ਗੁਰੂ ਤੇ ਬੇਮਿਸਾਲ ਸਹਾਇਕ ਵੀ ਹੈ।
- ਹੇ ਪ੍ਰਮਾਤਮਾ, ਮੈਂ ਜਾਣੇ-ਅਣਜਾਣੇ ਵਿਚ ਕੀਤੀਆਂ ਭੁੱਲਾਂ ਲਈ ਤੁਹਾਡੀ ਤੋਂ ਖਿਮਾ ਮੰਗਣ ਦੇ ਨਾਲ ਤੁਹਾਡੇ ਚਰਨਾਂ ’ਚ ਥਾਂ ਮੰਗਦਾ ਹਾਂ।
- ਹੇ ਪ੍ਰਮਾਤਮਾ, ਮੇਰੇ ’ਤੇ ਮਿਹਰ ਭਰਿਆ ਹੱਥ ਰੱਖੀ ਤਾਂ ਜੋ

ਤੁਹਾਡੇ ਵਲੋਂ ਮਿਲੀਆਂ ਬਖਸ਼ਿਸ਼ਾਂ ਮੈਥੋਂ ਖੁੰਝ ਨਾ ਜਾਣ।

- ਹੇ ਪ੍ਰਮਾਤਮਾ, ਮੈਂ ਅਗਨੀ ਪ੍ਰੀਖਿਆ ਅਤੇ ਤਸੀਹਿਆਂ ਤੋਂ ਤੁਹਾਡੀ ਸੁਰੱਖਿਆ ਮੰਗਦਾ ਹਾਂ।
- ਹੇ ਪ੍ਰਮਾਤਮਾ, ਮੈਨੂੰ ਉਚਿਤ ਚੀਜ਼ਾਂ ਪ੍ਰਦਾਨ ਕਰਕੇ ਅਨੁਚਿਤ ਜਾਂ ਵਰਜਿਤ ਚੀਜ਼ਾਂ ਤੋਂ ਮੇਰਾ ਬਚਾਅ ਕਰੋ। ਆਪਣੀ ਮਿਹਰ ਸਦਕਾ ਮੈਨੂੰ ਕਿਸੇ ਹੋਰ ਦੀ ਅਧੀਨਗੀ ਤੋਂ ਨਿਜਾਤ ਦਵਾਓ।
- ਹੇ ਪ੍ਰਮਾਤਮਾ, ਮੈਂ ਦੁਸ਼ਮਣੀ, ਪਾਖੰਡ ਅਤੇ ਮਾੜੇ ਵਿਹਾਰ ਤੋਂ ਤੁਹਾਡੀ ਸੁਰੱਖਿਆ ਮੰਗਦਾ ਹਾਂ।
- ਹੇ ਪ੍ਰਮਾਤਮਾ, ਮੈਂ ਵਿਅਰਥ ਗਿਆਨ ਅਤੇ ਨਿਡਰ ਹਿਰਦੇ ਤੋਂ ਤੇਰੀ ਸੁਰੱਖਿਆ ਮੰਗਦਾ ਹਾਂ।
- ਹੇ ਪ੍ਰਮਾਤਮਾ, ਮੇਰੀ ਦੁਨੀਆਂ ਸਵਾਰੋ, ਜਿਸ ਵਿੱਚ ਮੇਰੇ ਜੀਵਨ ਲਈ ਮਾਰਗਦਰਸ਼ਨ ਹੈ।
- ਹੇ ਪ੍ਰਮਾਤਮਾ, ਮੇਰੇ ਸਰੀਰ, ਮੇਰੀ ਸੁਣਨ ਸ਼ਕਤੀ ਅਤੇ ਮੇਰੀਆਂ ਅੱਖਾਂ ਨੂੰ ਤੰਦਰੁਸਤੀ ਬਖ਼ਸ਼ੋ। ਤੁਹਾਡੇ ਬਗੈਰ ਹੋਰ ਕੋਈ ਖੁਦਾ ਨਹੀਂ ਹੈ।
- ਹੇ ਪ੍ਰਮਾਤਮਾ, ਜਦੋਂ ਤਕ ਮੇਰੇ ਲਈ ਜੀਉਣਾ ਉਚਿਤ ਹੈ ਉਦੋਂ ਤੱਕ ਮੈਨੂੰ ਜੀਉਂਦਾ ਰੱਖਣਾ, ਪਰ ਜਦੋਂ ਜੀਉਣਾ ਅਨੁਚਿਤ ਹੋ ਜਾਵੇ ਤਾਂ ਮੈਨੂੰ ਮੌਤ ਦੇ ਦਵੀ।
- ਹੇ ਪ੍ਰਮਾਤਮਾ, ਮੇਰਾ ਪਰਲੋਕ (ਅੱਗਾ) ਸਵਾਰੋ, ਜਿੱਥੇ ਮੈਂ ਵਾਪਸ ਪਰਤਣਾ ਹੈ।
- ਹੇ ਪ੍ਰਮਾਤਮਾ, ਮੈਂ ਤੁਹਾਡੇ ਤੋਂ ਦਇਆ ਦੀ ਮੰਗ ਕਰਦਾ ਹਾਂ। ਮੇਰੇ ’ਤੇ ਮਿਹਰ ਕਰੋ ਕਿ ਮੈਂ ਅੱਖ ਝਪਕਣ ਜਿੰਨੇ ਸਮੇਂ ਲਈ ਵੀ ਖੁਦ ਨੂੰ ਧੋਖੇ ’ਚ ਨਾ ਰੱਖਾਂ। ਮੇਰੇ ਸਾਰੇ ਕਾਰਜ ਸਫਲ ਕਰੋ। ਤੁਹਾਡੇ ਬਗੈਰ ਹੋਰ ਕੋਈ ਖੁਦਾ ਨਹੀਂ ਹੈ।
- ਹੇ ਪ੍ਰਮਾਤਮਾ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਹਥੋਂ

ਚੰਗੇ ਕਾਰਜ ਕਰਾਓ, ਨਿੰਦਣਯੋਗ ਚੀਜ਼ਾਂ ਤੋਂ ਦੂਰ ਰੱਖੋ ਅਤੇ ਬੇਸਹਾਰਿਆਂ ਨੂੰ ਪਿਆਰ ਕਰਨ ਦੀ ਹਿੰਮਤ ਬਖ਼ਸ਼ੋ।

## ਪੈਗੰਬਰ ਦੇ ਬਚਨ

ਜੇ ਕੋਈ ਲੋਕਾਂ ’ਤੇ ਦਇਆ ਨਹੀਂ ਕਰਦਾ, ਪ੍ਰਮਾਤਮਾ ਉਸ ਉੱਤੇ ਦਇਆ ਨਹੀਂ ਕਰੇਗਾ।
– ਮੁਸਲਮਾਨ

ਜੇ ਤੁਸੀਂ ਇੱਕ ਦੂਜੇ ਨਾਲ ਹੱਥ ਮਿਲਾਉਂਦੇ ਹੋ ਤਾਂ ਨਾਪਸੰਦਗੀ ਗਾਇਬ ਹੋ ਜਾਵੇਗੀ, ਅਤੇ ਜੇ ਤੁਸੀਂ ਇੱਕ ਦੂਜੇ ਨੂੰ ਤੋਹਫ਼ੇ ਦਿੰਦੇ ਹੋ ਤਾਂ ਦਵੈਸ਼ਤਾ ਗਾਇਬ ਹੋ ਜਾਵੇਗੀ।
– ਮੁਵੱਤਾ

ਇਮਾਨਦਾਰੀ ਨਾਲ ਜੀਵਨ ਬਤੀਤ ਕਰਨਾ ਈਮਾਨ ਦੇ ਮੁੱਖ ਫਰਜ਼ ਤੋਂ ਅਗਲਾ ਮਹੱਤਵਪੂਰਨ ਫਰਜ਼ ਹੈ।
– ਬੇਹਾਕੀ

ਮਜ਼ਦੂਰ ਨੂੰ ਮਜ਼ਦੂਰੀ ਉਸਦਾ ਪਸੀਨਾ ਸੁੱਕਣ ਤੋਂ ਪਹਿਲਾਂ ਦਿਓ।
– ਇਬਨ ਮਜਾਹ

ਜੋ ਦੂਜਿਆਂ ’ਤੇ ਦਇਆ ਨਹੀਂ ਕਰਦਾ, ਅੱਲ੍ਹਾ ਉਹਦੇ ’ਤੇ ਦਇਆ ਨਹੀਂ ਕਰਦਾ।
– ਬੁਖਾਰੀ ਅਤੇ ਮੁਸਲਮਾਨ

ਹਰ ਇਨਸਾਨ ਆਪਣੇ ਭਰਾ ਲਈ ਸ਼ੀਸ਼ਾ ਹੁੰਦਾ ਹੈ।
– ਮੁਸਲਮਾਨ

ਜੇ ਅੱਲ੍ਹਾ ਕਿਸੇ ਦਾ ਭਲਾ ਕਰਨਾ ਚਾਹੁੰਦਾ ਹੈ, ਤਾਂ ਉਹ ਉਸ ਨੂੰ ਔਂਕੜਾਂ ਵਿਚੋਂ ਲੰਘਾਉਂਦਾ ਹੈ।
– ਬੁਖਾਰੀ

ਤੁਹਾਡੇ ਦੋ ਵਿਅਕਤੀਆਂ ਵਿੱਚੋਂ ਜੇਕਰ ਕੋਈ ਗੁੱਸੇ ਵਿੱਚ ਹੋਵੇ ਤਾਂ ਤੁਹਾਨੂੰ ਕੋਈ ਨਿਰਣਾ ਨਹੀਂ ਕਰਨਾ ਚਾਹੀਦਾ।
– ਮੁਸਲਮਾਨ

ਜੋ ਲੋਕਾਂ ਦਾ ਸ਼ੁਕਰ ਨਹੀਂ ਕਰਦਾ, ਉਹ ਅੱਲ੍ਹਾ ਦਾ ਸ਼ੁਕਰ ਨਹੀਂ ਕਰਦਾ।
– ਤਿਰਮਿਧੀ

ਉਹ ਆਸਤਿਕ ਨਹੀਂ ਹੈ ਜੋ ਗੁਆਂਢੀ ਨੂੰ ਭੁੱਖਾ ਦੇਖ ਕੇ ਵੀ ਆਪ ਢਿੱਡ ਭਰ ਭੋਜਨ ਕਰਦਾ ਹੈ।
– ਇਬਨ ਮਾਜਾ

ਉਹ ਸਫਲਤਾ ਪ੍ਰਾਪਤ ਕਰੋ ਜੋ ਸਬਰ ਨਾਲ ਮਿਲਦੀ ਹੈ।
– ਅਹਿਮਦ

ਪ੍ਰਮਾਤਮਾ ਸ਼ਾਂਤੀ ਨੂੰ ਉਹ ਅਨੁਦਾਨ ਦਿੰਦਾ ਹੈ ਜੋ ਉਹ ਹਿੰਸਾ ਨੂੰ ਨਹੀਂ ਦਿੰਦਾ।
– ਮੁਸਲਮਾਨ

ਆਪਣੇ ਆਪ ਨੂੰ ਈਰਖਾ ਤੋਂ ਬਚਾਓ।ਕਿਉਂਕਿ ਜਿਵੇਂ ਅੱਗ ਲੱਕੜ ਨੂੰ ਖਾ ਜਾਂਦੀ ਹੈ ਉਸੇ ਤਰ੍ਹਾਂ ਈਰਖਾ ਨੇਕੀ ਨੂੰ ਖਾ ਜਾਂਦੀ ਹੈ।
– ਅਬੂ ਦਾਊਦ

ਇੱਕ ਸੱਚਾ ਆਸਤਿਕ ਦੂਜਿਆਂ ਦੀ ਚੰਗਿਆਈ ਵਿਚ ਵਿਸ਼ਵਾਸ ਕਰਦਾ ਹੈ।
– ਅਹਿਮਦ

ਪ੍ਰਮਾਤਮਾ ਆਪਣੇ ਖੁਦਾਰ ਸੇਵਕਾਂ ਨੂੰ ਪਿਆਰ ਕਰਦਾ ਹੈ ਜੋ ਗਰੀਬ ਹੁੰਦੇ ਹੋਏ ਵੀ ਭੀਖ ਮੰਗਣ ਨੂੰ ਤਰਜੀਹ ਨਹੀਂ ਦਿੰਦੇ।

– ਇਬਨ ਮਾਜਾ

# ਉਚਿਤ ਮਾਰਗਦਰਸ਼ਿਤ ਖ਼ਲੀਫ਼ਾ

## ਅਬੂ ਬਕਰ ਸਿੱਦੀਕ

ਪੈਗੰਬਰ ਸਾਹਿਬ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਇਸਲਾਮ ਕਬੂਲ ਕਰਨ ਵਾਲਾ ਪਹਿਲਾ ਵਿਅਕਤੀ ਅਬੂ ਬਕਰ ਸੀ। ਦਿਆਲੂ, ਉਦਾਰ ਸ਼ਖ਼ਸੀਅਤ ਅਤੇ ਧਨਾਢ ਵਪਾਰੀ ਅਬੂ ਬਕਰ ਨੇ ਆਪਣੇ ਬਹੁਤ ਸਾਰੇ ਦੋਸਤਾਂ ਨੂੰ ਵੀ ਇਸਲਾਮ ਕਬੂਲ ਕਰਨ ਲਈ ਪ੍ਰੇਰਿਆ। ਪੈਗੰਬਰ ਨੇ ਇਕ ਵਾਰ ਕਿਹਾ ਸੀ, "ਮੇਰੇ ਲਈ ਅਬੂ ਬਕਰ ਤੋਂ ਵਧੀਆ ਤੇ ਉਚਿਤ ਸਾਥੀ ਕੋਈ ਨਹੀਂ ਰਿਹਾ।"

ਉਹ ਪੈਗੰਬਰ ਦੇ ਨਾਲ ਮਦੀਨਾ ਗਿਆ ਤਾਂ ਉਥੇ ਉਸਨੂੰ 'ਦੂਜਾ ਜਾਂ ਅਗਲਾ ਉਤਰਾਧਿਕਾਰੀ' ਕਿਹਾ ਗਿਆ। ਉਸਦੀ ਧੀ ਆਇਸ਼ਾ ਦਾ ਵਿਆਹ ਪੈਗੰਬਰ ਮੁਹੰਮਦ ਨਾਲ ਹੋਇਆ ਸੀ। ਗਜ਼ਵਾ-ਏ-ਤਾਬੂਕ ਦੇ ਮੌਕੇ 'ਤੇ ਉਸਨੇ ਆਪਣੀ ਸਾਰੀ ਦੌਲਤ ਇਸਲਾਮ ਦੇ ਉਦੇਸ਼ ਲਈ ਦਾਨ ਕਰ ਦਿੱਤੀ। ਆਪਣੇ ਜੀਵਨ ਦੇ ਅੰਤਿਮ ਸਮੇਂ ਦੌਰਾਨ ਪੈਗੰਬਰ ਨੇ ਅਬੂ ਬਕਰ ਨੂੰ ਨਮਾਜ਼ ਦੀ ਅਗਵਾਈ ਕਰਨ ਲਈ ਕਿਹਾ ਜੋ ਕਿ ਇਸਲਾਮ ਵਿੱਚ ਸਭ ਤੋਂ ਉੱਚ ਅਹੁਦਾ ਜਾਂ ਸਨਮਾਨ ਹੈ।

ਪੈਗੰਬਰ ਦੀ ਜਹਾਨੋਂ ਰੁਖ਼ਸਤੀ ਉਪਰੰਤ ਅਬੂ ਬਕਰ ਨੂੰ ਪਹਿਲਾ ਖਲੀਫਾ ਚੁਣਿਆ ਗਿਆ ਸੀ। ਉਹਨਾਂ ਕਬੀਲਿਆਂ ਲਈ ਇਹ ਇੱਕ ਨਾਜ਼ੁਕ ਸਮਾਂ ਸੀ, ਜਿਨ੍ਹਾਂ ਦਾ ਵਿਸ਼ਵਾਸ ਅਜੇ ਤਕ ਪੱਕਾ ਨਹੀਂ ਸੀ ਅਤੇ ਜਿਹੜੇ ਇਸਲਾਮ ਛੱਡਣ ਦੀ ਹੱਦ ਤੱਕ ਬਗਾਵਤ ਕਰ ਰਹੇ ਸਨ। ਪਰ ਅਬੂ ਬਕਰ ਨੇ ਇਸ ਸਥਿਤੀ ਨੂੰ ਸਫਲਤਾਪੂਰਵਕ ਸੰਭਾਲਿਆ। ਖਲੀਫਾ ਬਣਨ 'ਤੇ ਉਸਦਾ ਪਹਿਲਾ ਸੰਬੋਧਨ ਇਸ ਪ੍ਰਕਾਰ ਹੈ:

"ਮੈਨੂੰ ਤੁਹਾਡੇ ਉੱਤੇ ਅਧਿਕਾਰ ਦਿੱਤਾ ਗਿਆ ਹੈ, ਪਰ ਮੈਂ ਤੁਹਾਡੇ ਵਰਗਾ ਹੀ ਹਾਂ, ਕੋਈ ਸਰਵਉੱਚ ਨਹੀਂ ਹਾਂ। ਜੇ ਮੈਂ ਚੰਗਿਆਈ ਕਰਦਾ ਹਾਂ, ਤਾਂ ਮੇਰੀ ਮਦਦ ਕਰੋ; ਅਤੇ ਜੇਕਰ ਮੈਂ ਗਲਤ ਕਰਦਾ ਹਾਂ, ਤਾਂ ਮੇਰੇ ਵਿਚ ਸੁਧਾਰ ਕਰੋ। ਸੱਚ ਦਾ ਦਿਲੋਂ ਸਤਿਕਾਰ ਕਰਨਾ ਵਫ਼ਾਦਾਰੀ ਹੈ ਅਤੇ ਸੱਚ ਨੂੰ ਨਜ਼ਰਅੰਦਾਜ਼ ਕਰਨਾ ਧੋਖਾ ਹੈ। ... ਜਦੋਂ ਤੱਕ ਮੈਂ ਰੱਬ ਅਤੇ ਉਸਦੇ ਦੂਤ ਦੀ ਆਗਿਆ ਦਾ ਪਾਲਨ ਕਰਾਂਗਾ, ਉਦੋਂ ਤੱਕ ਤੁਸੀਂ ਵੀ ਮੇਰਾ ਸਾਥ ਦੇਣਾ। ਪਰ ਜੇ ਮੈਂ ਰੱਬ ਅਤੇ ਉਸਦੇ ਦੂਤ ਦੀ ਅਣਆਗਿਆਕਾਰੀ ਕਰਦਾ ਹਾਂ ਤਾਂ ਤੁਹਾਡੇ ਲਈ ਮੇਰੀ ਆਗਿਆ ਮੰਨਣਾ ਅਨੁਚਿਤ ਹੋਵੇਗਾ।"

ਅਬੂ ਬਕਰ ਦਾ ਇੰਤਕਾਲ ਪੈਗੰਬਰ ਦੀ ਰੁਖ਼ਸਤੀ ਤੋਂ ਲਗਭਗ ਦੋ ਸਾਲ ਬਾਅਦ ਹੋਇਆ ਅਤੇ ਉਸਨੂੰ ਪੈਗੰਬਰ ਦੇ ਕੋਲ ਦਫ਼ਨਾਇਆ ਗਿਆ।

## ਉਮਰ ਫਾਰੂਕ

ਪੈਗੰਬਰ ਮੁਹੰਮਦ ਨੇ ਉਮਰ ਨੂੰ "ਅਲ ਫਾਰੂਕ" ਦਾ ਖਿਤਾਬ ਦਿੱਤਾ, ਜਿਸਦਾ ਅਰਥ ਹੈ, "ਉਹ ਇਨਸਾਨ ਜੋ ਸਹੀ ਅਤੇ ਗਲਤ ਵਿੱਚ ਅੰਤਰ ਕਰਦਾ ਹੋਵੇ।"

ਉਮਰ ਦ੍ਰਿੜ੍ਹ ਵਿਸ਼ਵਾਸ ਵਾਲਾ ਇਨਸਾਨ ਸੀ; ਅਤੇ ਜਦੋਂ ਕੋਈ ਇਸਲਾਮ ਕਬੂਲ ਕਰ ਲੈਂਦਾ ਤਾਂ ਉਹ ਗੁੱਸੇ ਵਿੱਚ ਆ ਜਾਂਦਾ ਸੀ। ਇੱਕ ਵਾਰ ਤਾਂ ਉਹ ਹੱਥ ਵਿੱਚ ਤਲਵਾਰ ਲੈ ਕੇ ਪੈਗੰਬਰ ਨੂੰ ਮਾਰਨ ਲਈ ਵੀ ਨਿਕਲਿਆ ਸੀ। ਪਰ ਉਸਦਾ ਇਸ ਕਦਰ ਹਿਰਦਾ ਪਰਿਵਰਤਨ ਹੋਇਆ ਕਿ ਉਸਨੇ ਇਸਲਾਮ ਕਬੂਲ ਕਰ ਲਿਆ। ਪੈਗੰਬਰ ਨੇ ਉਮਰ ਦੇ ਧਰਮ ਪਰਿਵਰਤਨ ਸਮੇਂ ਇਸਲਾਮ ਨੂੰ ਹੋਰ ਮਜ਼ਬੂਤ ਬਣਾਉਣ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਸੀ। ਪੈਗੰਬਰ ਦੇ ਦੇਹਾਂਤ ਸਮੇਂ

ਅੰਸਾਰ ਅਤੇ ਪੈਗੰਬਰ ਦਾ ਕਬੀਲਾ (ਬਾਨੂ ਹਾਸ਼ਿਮ) ਦੋਵੇਂ ਚਾਹੁੰਦੇ ਸਨ ਕਿ ਅਗਲਾ ਖਲੀਫਾ ਉਨ੍ਹਾਂ ਵਿੱਚੋਂ ਇਕ ਹੋਵੇ। ਇਹ ਬਹੁਤ ਨਾਜ਼ੁਕ ਸਥਿਤੀ ਸੀ। ਪਰ ਉਮਰ ਨੇ ਅਬੂ ਬਕਰ ਦਾ ਹੱਥ ਫੜ ਕੇ ਅਤੇ ਉਸ ਪ੍ਰਤੀ ਸਮਰਥਨ ਦੀ ਸ਼ਪਥ (ਬੈਤ) ਲੈ ਕੇ ਸਥਿਤੀ ਨੂੰ ਸ਼ਾਂਤ ਕਰ ਦਿੱਤਾ। ਬਾਕੀ ਮੁਸਲਮਾਨਾਂ ਨੇ ਵੀ ਇਸ ਦਾ ਅਨੁਸਰਣ ਕੀਤਾ।

ਪੈਗੰਬਰ ਨੇ ਇਕ ਵਾਰ ਕਿਹਾ ਸੀ ਕਿ "ਸ਼ੈਤਾਨ ਉਹਨਾਂ ਰਾਹਾਂ ਦੀ ਵਰਤੋਂ ਨਹੀਂ ਕਰਦਾ ਜਿਸ 'ਤੇ ਉਮਰ ਚੱਲਦਾ ਹੈ।" ਬਾਅਦ ਵਿਚ ਅਬੂ ਬਕਰ ਨੇ ਆਪਣੇ ਤੋਂ ਬਾਅਦ ਖਲੀਫਾ ਦੇ ਤੌਰ 'ਤੇ ਉਮਰ ਨੂੰ ਨਾਮਜ਼ਦ ਕੀਤਾ ਸੀ।

ਉਹ ਇੱਕ ਕੁਸ਼ਲ ਪ੍ਰਸ਼ਾਸਕ ਸੀ ਅਤੇ ਆਪਣੇ ਲੋਕਾਂ ਦੀ ਭਲਾਈ ਲਈ ਦਿਲੋਂ ਚਿੰਤਾ ਕਰਦਾ ਸੀ। ਉਸ ਦੀ ਖ਼ਲੀਫ਼ਤ ਦੌਰਾਨ ਮਿਸਰ, ਇਰਾਕ, ਫਲਸਤੀਨ, ਈਰਾਨ ਅਤੇ ਸੀਰੀਆ ਇਸਲਾਮੀ ਰਾਜ ਅਧੀਨ ਆਏ। ਇਸ ਦੇ ਬਾਵਜੂਦ, ਉਹ ਸਾਦਾ ਜੀਵਨ ਬਤੀਤ ਕਰਦਾ ਸੀ ਅਤੇ ਟਾਕੀਆਂ ਲੱਗੇ ਕੱਪੜੇ ਪਹਿਨਦਾ ਸੀ।

ਉਹ ਦਸ ਸਾਲ ਤੋਂ ਵੱਧ ਸਮਾਂ ਖਲੀਫਾ ਰਿਹਾ। ਉਸਦੇ ਇੰਤਕਾਲ ਤੋਂ ਬਾਅਦ ਉਸਨੂੰ ਪੈਗੰਬਰ ਮੁਹੰਮਦ ਦੇ ਕੋਲ ਦਫ਼ਨਾਇਆ ਗਿਆ ਸੀ। ਹੇਠਾਂ ਉਸਦੇ ਕੁਝ ਕਥਨ ਹਨ:

> "ਘੱਟ ਬੋਲਣਾ ਸਿਆਣਪ ਹੈ, ਘੱਟ ਖਾਣਾ ਸਿਹਤ ਹੈ ਅਤੇ ਘੱਟ ਸੌਣਾ ਉਪਾਸਨਾ ਹੈ।"
>
> "ਆਸਥਾ (ਇਮਾਨ) ਤੋਂ ਬਾਅਦ ਸਰਵਉੱਚ ਅਸੀਸ ਇੱਕ ਚੰਗੀ ਪਤਨੀ ਮਿਲਣਾ ਹੈ।"

## ਉਸਮਾਨ ਇਬਨ ਅਫਾਨ

ਉਸਮਾਨ ਇਬਨ ਅਫਾਨ ਦੀ ਖ਼ਲੀਫ਼ਤ ਦੇ ਦੌਰਾਨ ਇਸਲਾਮ ਦੂਰ-ਦੁਰਾਡੇ ਦੇਸ਼ਾਂ ਤੱਕ ਫੈਲ ਗਿਆ। ਇਸਲਾਮ ਪ੍ਰਤੀ ਉਸਦਾ ਮਹਾਨ

ਯੋਗਦਾਨ ਕੁਰਾਨ ਦਾ ਅੰਤਮ ਸੰਕਲਨ ਅਤੇ ਪ੍ਰਸਾਰ ਸੀ। ਇਸ ਤੋਂ ਪਹਿਲਾਂ, ਕੁਰਾਨ ਦਾ ਇੱਕ ਅੰਤਮ ਸੰਸਕਰਣ ਅਬੂ ਬਕਰ ਦੁਆਰਾ ਸੰਕਲਿਤ ਕੀਤਾ ਗਿਆ ਸੀ, ਪਰ ਕਿਉਂਕਿ ਵੱਖ-ਵੱਖ ਖੇਤਰਾਂ ਵਿੱਚ ਕੁਰਾਨ ਦੇ ਪਾਠ ਵਿੱਚ ਅੰਤਰ ਨੋਟ ਕੀਤੇ ਗਏ ਸਨ, ਇਸਲਈ ਕੁਰਾਨ ਦੇ ਇਸ ਸੰਸਕਰਣ ਦੀ ਦੋ ਵਾਰ ਜਾਂਚ ਕੀਤੀ ਗਈ ਅਤੇ ਫਿਰ ਅੰਤਮ ਸੰਸਕਰਣ ਦੇ ਵਿਤਰਣ ਦਾ ਪ੍ਰਬੰਧ ਕੀਤਾ ਗਿਆ।

ਉਹ ਇੱਕ ਬਹੁਤ ਹੀ ਧਰਮਾਤਮਾ ਪੁਰਖ ਸੀ ਅਤੇ ਉਹਨਾਂ ਨੂੰ ਪੈਗੰਬਰ ਮੁਹੰਮਦ ਤੋਂ ਸਵਰਗ ਦੇ ਸ਼ੁੱਭ ਸਮਾਚਾਰ ਪ੍ਰਾਪਤ ਹੋਏ ਸਨ। ਉਸਨੇ ਇਸਲਾਮ ਦੀ ਖ਼ਾਤਰ ਦੋ ਹਿਜਰਤ (ਇੱਕ ਥਾਂ ਤੋਂ ਦੂਜੀ ਥਾਂ ਜਾ ਵੱਸਣ ਦਾ ਭਾਵ) ਕੀਤੇ— ਇੱਕ ਅਬੀਸੀਨੀਆ ਲਈ ਅਤੇ ਦੂਜਾ ਮਦੀਨਾ ਲਈ। ਉਹ ਪੈਗੰਬਰ ਦੇ ਸਭ ਤੋਂ ਨਜ਼ਦੀਕੀ ਸਾਥੀਆਂ ਵਿੱਚੋਂ ਇੱਕ ਸੀ ਅਤੇ ਉਸਦਾ ਵਿਆਹ ਪੈਗੰਬਰ ਦੀਆਂ ਦੋ ਧੀਆਂ ਨਾਲ ਇਕ ਤੋਂ ਬਾਅਦ ਇਕ ਹੋਇਆ ਸੀ।

ਉਸ ਦੀ ਖਲੀਫਤ ਨੇ ਆਰਥਿਕ ਖੁਸ਼ਹਾਲੀ ਤਾਂ ਲਿਆਂਦੀ ਪਰ ਕੁਝ ਮੁਸਲਮਾਨ ਫਿਰ ਵੀ ਉਸ ਤੋਂ ਨਾਖੁਸ਼ ਸਨ। ਮਤਭੇਦ ਦੀ ਭਾਵਨਾ ਸਿਖਰ 'ਤੇ ਸੀ ਜਿਸ ਕਰਕੇ ਮੁਸਲਮਾਨਾਂ ਦੇ ਵਿਦ੍ਰੋਹੀਆਂ ਨੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਸੀ।

ਉਹਨਾਂ ਦਾ ਕਥਨ ਸੀ ਕਿ ਚਾਰ ਚੀਜ਼ਾਂ ਵਿਅਰਥ ਹਨ: "ਅਭਿਆਸ ਤੋਂ ਬਿਨਾਂ ਗਿਆਨ, ਪਰਮਾਤਮਾ ਦੇ ਰਾਹ 'ਤੇ ਖਰਚ ਨਾ ਕੀਤੀ ਗਈ ਸੰਪਤੀ, ਦਿਖਾਵੇ ਦੀ ਧਾਰਮਿਕਤਾ ਅਤੇ ਚੰਗੇ ਕਰਮਾਂ ਤੋਂ ਬਗੈਰ ਲੰਬੀ ਉਮਰ।"

ਉਹਨੂੰ ਤਿੰਨ ਚੀਜ਼ਾਂ ਕਰਨਾ ਬਹੁਤ ਪਸੰਦ ਸੀ: 1. ਭੁੱਖਿਆਂ ਨੂੰ ਭੋਜਨ ਕਰਾਉਣਾ, 2. ਨੰਗਿਆਂ ਨੂੰ ਕੱਪੜੇ ਦੇਣਾ ਅਤੇ ਕੁਰਾਨ ਪੜ੍ਹਨਾ ਤੇ ਪੜ੍ਹਾਉਣਾ।

## ਅਲੀ ਇਬਨ ਅਬੀ ਤਾਲਿਬ

ਅਲੀ ਇਬਨ ਅਬੀ ਤਾਲਿਬ, ਪੈਗੰਬਰ ਮੁਹੰਮਦ ਦੇ ਚਚੇਰੇ ਭਰਾ ਅਬੂ ਤਾਲਿਬ ਦਾ ਪੁੱਤਰ ਸੀ ਅਤੇ ਉਸਦੀ ਪਰਵਰਿਸ਼ ਪੈਗੰਬਰ ਦੀ ਦੇਖ-ਰੇਖ 'ਚ ਹੋਈ ਸੀ। ਉਹ ਇੱਕ ਧਰਮੀ ਪੁਰਖ ਸੀ ਤੇ ਆਪਣੀ ਬਹਾਦਰੀ ਲਈ ਬਹੁਤ ਪ੍ਰਸਿੱਧ ਸੀ। ਉਹ ਇਸਲਾਮ ਕਬੂਲ ਕਰਨ ਵਾਲੇ ਪਹਿਲੇ ਲੋਕਾਂ ਵਿੱਚੋਂ ਸਭ ਤੋਂ ਛੋਟੀ ਉਮਰ ਦਾ ਸੀ। ਜਦੋਂ ਪੈਗੰਬਰ ਹਿਜਰਤ ਲਈ ਮਦੀਨਾ ਰਵਾਨਾ ਹੋਏ ਤਾਂ ਉਸਨੇ ਅਲੀ ਨੂੰ ਆਪਣੇ ਬਿਸਤਰੇ 'ਤੇ ਲਿਟਾ ਦਿੱਤਾ, ਤਾਂ ਜੋ ਬਾਹਰ ਉਡੀਕ 'ਚ ਬੈਠੇ ਕੁਰੈਸ਼ ਸਿਪਾਹੀਆਂ ਨੂੰ ਗਿਆਤ ਨਾ ਹੋਵੇ ਕਿ ਪੈਗੰਬਰ ਚਲੇ ਗਏ ਹਨ।

ਅਲੀ ਇਬਨ ਨੂੰ ਉਸਮਾਨ ਇਬਨ ਅਫਾਨ ਤੋਂ ਬਾਅਦ ਬਤੌਰ ਖਲੀਫਾ ਚੁਣਿਆ ਗਿਆ ਸੀ। ਇਹ ਬਹੁਤ ਉਥਲ-ਪੁਥਲ ਦਾ ਸਮਾਂ ਸੀ। ਉਸਮਾਨ ਨੂੰ ਸ਼ਹੀਦ ਕਰਨ ਵਾਲੇ ਬਾਗੀ ਉਸ ਵੇਲੇ ਮਦੀਨਾ 'ਤੇ ਕਾਬਜ਼ ਸਨ। ਅਲੀ ਨੇ ਸਥਿਤੀ ਨੂੰ ਸੰਭਾਲਣ ਦੀ ਪੂਰੀ ਕੋਸ਼ਿਸ਼ ਕੀਤੀ ਅਤੇ ਆਪਣੀ ਖਲੀਫਤ ਨੂੰ ਮਜ਼ਬੂਤ ਕਰਨ ਲਈ ਆਪਣਾ ਬੇਸ (ਅੱਡਾ) ਇਰਾਕ ਦੇ ਕੁਫਾ ਵਿੱਚ ਤਬਦੀਲ ਕਰ ਦਿੱਤਾ। ਉਸ ਨੂੰ ਖਾਸ ਕਰਕੇ ਸੀਰੀਆ ਦੇ ਗਵਰਨਰ ਮੁਆਵੀਆ ਵੱਲੋਂ ਤੀਬਰ ਵਿਰੋਧ ਦਾ ਸਾਹਮਣਾ ਕਰਨਾ ਪਿਆ। ਅਲੀ ਦਾ ਵਿਰੋਧ ਕਰਨ ਵਾਲੇ ਮੁਸਲਮਾਨ ਚਾਹੁੰਦੇ ਸਨ ਕਿ ਉਹ ਉਸਮਾਨ ਦੇ ਕਾਤਲਾਂ ਨੂੰ ਤੁਰੰਤ ਸਜ਼ਾ ਦੇਵੇ। ਪਰ ਮੌਜੂਦਾ ਹਾਲਾਤਾਂ ਵਿੱਚ ਇਹ ਮੁਮਕਿਨ ਨਹੀਂ ਸੀ। ਆਖਰਕਾਰ ਉਸਨੂੰ ਖਰਜੀਆਂ (ਅਸੰਤੁਸ਼ਟਾਂ) ਦੁਆਰਾ ਸ਼ਹੀਦ ਕਰ ਦਿੱਤਾ ਗਿਆ ਸੀ। ਉਸਦੇ ਕੁਝ ਕਥਨ ਨਿਮਨਲਿਖਤ ਹਨ:

"ਮੈਂ ਉਸ ਦਾ ਗੁਲਾਮ ਹਾਂ ਜਿਸਨੇ ਮੈਨੂੰ ਇੱਕ ਅੱਖਰ ਵੀ ਸਿਖਾਇਆ ਹੈ"

"ਲੋਕਾਂ ਵਿਚਕਾਰ ਇਸ ਤਰ੍ਹਾਂ ਰਹੋ ਕਿ ਜੇ ਤੁਸੀਂ ਮਰ ਜਾਵੋ

ਤਾਂ ਉਹ ਤੁਹਾਡੇ ਲਈ ਅੱਥਰੂ ਵਹਾਉਣ ਅਤੇ ਜੇ ਤੁਸੀਂ ਜੀਵਤ ਰਹੋ ਤਾਂ ਉਹ ਤੁਹਾਡੀ ਸੰਗਤ ਨੂੰ ਤਰਸਣ। ”

“ਮਨੁੱਖ ਇੱਕ ਅਦੁੱਤ ਪ੍ਰਾਣੀ ਹੈ; ਉਹ ਚਰਬੀ ਦੀਆਂ ਪਰਤਾਂ (ਅੱਖਾਂ) ਰਾਹੀਂ ਵੇਖਦਾ ਹੈ, ਹੱਡੀ (ਕੰਨਾਂ) ਰਾਹੀਂ ਸੁਣਦਾ ਹੈ ਅਤੇ ਮਾਸ ਦੇ ਲੋਥੜੇ (ਜੀਭ) ਰਾਹੀਂ ਬੋਲਦਾ ਹੈ।

## ਦਾਵਾਹ – ਪੈਗੰਬਰ ਦੇ ਮਿਸ਼ਨ ਦੀ ਨਿਰੰਤਰਤਾ

ਕੁਰਾਨ ਵਿਚ ਦਾਵਾਹ ਦੇ ਕਾਰਜ ਨੂੰ ‘ਰੱਬ ਦੀ ਪੁਕਾਰ’ ਕਿਹਾ ਗਿਆ ਹੈ। ਦੂਜੇ ਸ਼ਬਦਾਂ ਵਿੱਚ ਦਾਵਾਹ ਦੇ ਕਾਰਜ ਦਾ ਉਦੇਸ਼ ਲੋਕਾਂ ਨੂੰ ਉਨ੍ਹਾਂ ਦੇ ਸਿਰਜਣਹਾਰ ਅਤੇ ਪਾਲਣਹਾਰ ਦੇ ਨੇੜੇ ਲਿਆਉਣਾ ਹੈ। ਲੋਕਾਂ ਨੂੰ ਪ੍ਰਮਾਤਮਾ ਦੇ ਨੇੜੇ ਲੈ ਜਾਣ ਦਾ ਮੂਲ ਕਾਰਣ ਉਨ੍ਹਾਂ ਨੂੰ ਇਹ ਸਮਝਾਉਣਾ ਹੈ ਕਿ ਇਸ ਧਰਤੀ ’ਤੇ ਉਨ੍ਹਾਂ ਲਈ ਜੀਵਨ ਦਾ ਇੱਕੋ ਇੱਕ ਸਹੀ ਤਰੀਕਾ ਰੱਬ ਦੇ ਸੱਚੇ ਸ਼ਰਧਾਲੂ ਬਣਨਾ ਹੈ।

ਲੋਕਾਂ ਨੂੰ ਪ੍ਰਮਾਤਮਾ ਨਾਲ ਜੋੜਨ ਦਾ ਅਰਥ ਹੈ ਮਨੁੱਖ ਨੂੰ ਸਵੈ-ਕੇਂਦਰਿਤ ਜੀਵਨ ਦੇ ਬੁਰੇ ਨਤੀਜਿਆਂ ਬਾਰੇ ਚੇਤੰਨ ਕਰਨਾ ਅਤੇ ਰੱਬ-ਅਧਾਰਿਤ ਜੀਵਨ ਨੂੰ ਅਪਣਾਉਣ ਦਾ ਸੱਦਾ ਦੇਣਾ। ਦੋਹਾਂ ਕਿਸਮਾਂ ਦੀ ਜੀਵਨ-ਜਾਚ ਬਾਰੇ ਇਲਾਹੀ ਸਿੱਖਿਆਵਾਂ ਦੇ ਗਿਆਨ ਦਾ ਸਭ ਤੋਂ ਪ੍ਰਮਾਣਿਕ ਅਤੇ ਭਰੋਸੇਮੰਦ ਸਰੋਤ ‘ਕੁਰਾਨ’ ਦੇ ਰੂਪ ਵਿੱਚ ਸਾਡੇ ਲਈ ਸੁਰੱਖਿਅਤ ਰੱਖਿਆ ਗਿਆ ਹੈ। ਲੋਕਾਂ ਨੂੰ ਪ੍ਰਮਾਤਮਾ ਨਾਲ ਜੋੜਨਾ ਨਿਰੋਲ ਰੂਪ ’ਚ ਅਲੌਕਿਕ ਪ੍ਰਕਿਰਤੀ ਦਾ ਸੁਭਾਅ ਹੈ। ਭਾਵ, ਇਹ ਕਿਸੇ ਵੀ ਤਰ੍ਹਾਂ ਰਾਸ਼ਟਰੀ, ਸਮਾਜਿਕ ਜਾਂ ਆਰਥਿਕ ਮੁੱਦਿਆਂ ਨਾਲ ਜੁੜਿਆ ਨਹੀਂ ਹੈ। ਇਹ ਇੱਕ ਮੁਹਿੰਮ ਹੈ ਜੋ ਲੋਕਾਂ ਨੂੰ ਰੱਬ ਦੇ ਨੇੜੇ ਲਿਆਉਣ ਲਈ ਆਰੰਭੀ ਗਈ ਹੈ। ਇਹ ਅਧਿਆਤਮਿਕ ਅਤੇ ਧਾਰਮਿਕ ਭਾਸ਼ਾ ਜਾਂ ਮੁਹਾਵਰੇ ਨਾਲ ਆਰੰਭ ਹੁੰਦਾ ਹੈ ਅਤੇ ਅੰਤ ਤੱਕ ਉਸੇ ਭਾਸ਼ਾ ਅਤੇ ਸ਼ੈਲੀ ਵਿੱਚ ਚਲਦਾ ਹੈ।

ਦਾਵਾਹ ਕਾਰਜ ਜਾਂ ਲੋਕਾਂ ਨੂੰ ਰੱਬ ਨਾਲ ਜੋੜਨ ਦਾ ਉਦੇਸ਼ ਰੂਹਾਂ ਨੂੰ ਗੂੜ੍ਹੀ ਨੀਂਦ ਤੋਂ ਜਗਾਉਣਾ ਹੈ। ਇਹ ਇੱਕ ਭਟਕੇ ਹੋਏ ਵਿਅਕਤੀ ਨੂੰ ਰੱਬ ਵੱਲ ਜਾਂਦੇ ਸਹੀ ਰਾਹ ’ਤੇ ਪਾਉਣਾ ਹੈ। ਇਹ ਮਨੁੱਖ ਦੀ ਅੰਤਰ-ਦ੍ਰਿਸ਼ਟੀ ਨੂੰ ਹਲੂਣਾ ਦੇਣ ਲਈ ਹੈ ਤਾਂ ਜੋ ਉਹ ਵਿਸ਼ਾਲ ਬ੍ਰਹਿਮੰਡ ਦੇ ਸੰਕੇਤਾਂ ਵਿੱਚ ਪ੍ਰਮਾਤਮਾ ਦੀ ਝਲਕ ਵੇਖਣ ਲੱਗ ਪਵੇ। ਇਹ ਸਿਰਜਣਹਾਰ ਨੂੰ ਉਹਦੀ ਸਿਰਜਨਾ ਦੇ ਦਰਪਣ ਵਿੱਚੋਂ ਪ੍ਰਗਟ ਕਰਨਾ ਹੈ।


ਇਹ ਬਹੁਤ ਜ਼ਰੂਰੀ ਹੈ ਕਿ ਸਦਭਾਵਨਾ ਵਾਲਾ ਮਾਹੌਲ ਬਣਾਈ ਰੱਖਣ ਇਹ ਕਾਰਜ ਨਿਮਰਤਾ ਸਹਿਤ ਕੀਤਾ ਜਾਵੇ। ਇਸ ਮਾਮਲੇ ਵਿੱਚ ਪਰਹੇਜ਼ ਅਤੇ ਸਬਰ ਦੀ ਨੀਤੀ ਮਹੱਤਵਪੂਰਨ ਹੈ। ਇਹ ਕਾਰਜ ਇਲਾਹੀ ਮਿਸ਼ਨ ਦਾ ਸਮਰਥਨ ਕਰਨ ਲਈ ਬਹੁਤ ਜ਼ਰੂਰੀ ਹੈ। ਪ੍ਰਮਾਤਮਾ ਦੇ ਉਦੇਸ਼ ਨੂੰ ਅੱਗੇ ਵਧਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਣੀ ਚਾਹੀਦੀ।


ਇੱਕ ਦਾਈ (ਰੱਬ ਨਾਲ ਜੋੜਨ ਵਾਲੇ) ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਸਦੀ ਜ਼ਿੰਮੇਵਾਰੀ ਇਲਾਹੀ ਸੰਦੇਸ਼ ਪ੍ਰਸਤੁਤ ਕਰਨ ਅਤੇ ਲੋਕਾਂ ਨੂੰ ਸੱਦਾ ਦੇਣ ਤੱਕ ਸੀਮਿਤ ਹੈ। ਪ੍ਰਮਾਤਮਾ ਜਿਸ ਨੂੰ ਚਾਹੇਗਾ ਆਪੇ ਸਹੀ ਰਸਤੇ ’ਤੇ ਪਾ ਦਵੇਗਾ।


ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਪੈਗੰਬਰ ਮੁਹੰਮਦ ਦੇ ਪੈਰੋਕਾਰ ਹਾਂ ਜਿਨ੍ਹਾਂ ਨੂੰ ਖ਼ੁਦਾ ਨੇ ਸਾਰੀ ਮਨੁੱਖਤਾ ਨੂੰ ਆਗਾਹ ਕਰਨ ਦੇ ਆਸ਼ੇ ਨਾਲ ਧਰਤੀ ’ਤੇ ਭੇਜਿਆ ਸੀ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਮੌਜੂਦਾ ਸਮੇਂ ਵਿੱਚ ਇਹ ਜ਼ਿੰਮੇਵਾਰੀ ਦ੍ਰਿੜ੍ਹਤਾ ਸਹਿਤ ਨਿਭਾਈ ਜਾਵੇ।


**– ਇਤੀ –**


# Books by Maulana Wahiduddin Khan





















www.goodwordbooks.com
www.quran.me www.cpsglobal.org


# शांति और आध्यात्मिकता पर और किताबें।





₹30/-





₹40/-





₹30/-





₹40/-





₹30/-




₹45/-




₹30/-




₹40/-

## आध्यात्मिक सेट पवित्र कुरआन सहित केवल ₹180

Goodword Books
A-21, Sector 4, NOIDA-201301
Delhi NCR, India
Call: +91120-4314871, +9111-8588822672
sales@goodwordbooks.com

Buy online at www.goodwordbooks.com

ਇਸਲਾਮ ਅਨੁਸਾਰ ਰੱਬ ਨੇ ਧਰਤੀ ’ਤੇ ਮਨੁੱਖ ਦੇ ਮਾਰਗਦਰਸ਼ਨ ਲਈ ਸਮੇਂ-ਸਮੇਂ ’ਤੇ ਕਿਸੇ ਵਿਅਕਤੀ ਵਿਸ਼ੇਸ਼ ਨੂੰ ਆਪਣਾ ਦੂਤ ਬਣਾਇਆ। ਇਹ ਦੂਤ ਵੀ ਮਨੁੱਖ ਜਾਤੀ ਵਿੱਚੋਂ ਹੀ ਹੁੰਦੇ ਸਨ ਅਤੇ ਲੋਕਾਂ ਨੂੰ ਰੱਬ ਨਾਲ ਜੋੜਦੇ ਸਨ, ਇਹਨਾਂ ਵਿਸ਼ੇਸ਼ ਵਿਅਕਤੀਆਂ ਨੂੰ ਇਸਲਾਮ ਵਿੱਚ ਨਬੀ ਜਾਂ ਪੈਗੰਬਰ ਕਿਹਾ ਜਾਂਦਾ ਹੈ। ਇਸਲਾਮ ਦੇ ਸਭ ਤੋਂ ਮਹਾਨ ਨਬੀ ਅਤੇ ਆਖਰੀ ਸੰਦੇਸ਼ਵਾਹਕ ‘ਮੁਹੰਮਦ ਸਾਹਿਬ’ ਨੂੰ ਮੰਨਿਆ ਜਾਂਦਾ ਹੈ। ਪੈਗੰਬਰ ਮੁਹੰਮਦ ਦਾ ਸਮੁੱਚਾ ਜੀਵਨ ਵੇਰਵਾ ਸੰਖੇਪ ਰੂਪ ’ਚ ਪ੍ਰਦਾਨ ਕਰਦੀ ਹੱਥਲੀ ਪੁਸਤਕ ਮੌਲਾਨਾ ਵਹੀਦੁਦੀਨ ਖਾਨ, ਜੋ ਕਿ ਪ੍ਰਸਿੱਧ ਇਸਲਾਮੀ ਵਿਦਵਾਨ ਅਤੇ ਧਾਰਮਿਕ ਆਗੂ ਹਨ; ਦੁਆਰਾ ਲਿਖੀ ਗਈ ਹੈ। ਮੌਲਾਨਾ ਨੇ ਇਸਲਾਮ ਦੇ ਅਧਿਆਤਮਿਕ ਗਿਆਨ, ਪੈਗੰਬਰ ਦੀ ਅਹਿੰਸਕ ਪਹੁੰਚ, ਆਧੁਨਿਕਤਾ ਨਾਲ ਧਰਮ ਦੇ ਸਬੰਧ ਅਤੇ ਹੋਰ ਸਮਕਾਲੀ ਮੁੱਦਿਆਂ ਨਾਲ ਨਜਿੱਠਣ ਵਾਲੀਆਂ 200 ਤੋਂ ਵੱਧ ਪੁਸਤਕਾਂ ਲਿਖੀਆਂ ਹਨ।

Goodword Books
CPS International

ISBN 978-93-94886-81-0
9 789394 886810